


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 03 March, 2026 | website: www.cee7news.com

## ਇਹ ਖ਼ਬਰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਵੱਡੇ ਪੈਮਾਨੇ 'ਤੇ ਹਵਾਈ ਹਮਲੇ ਸ਼ੁਰੂ ਕਰਨ ਤੋਂ ਬਾਅਦ ਆਈ ਹੈ।

## ਇਰਾਨ ਨੇ ਜਵਾਬੀ ਹਮਲੇ ਕੀਤੇ, ਜਿਨ੍ਹਾਂ ਵਿੱਚ ਅਮਰੀਕੀ ਫੌਜੀਆਂ ਨੂੰ ਨੁਕਸਾਨ ਪਹੁੰਚਿਆ।





ਇਹ ਖ਼ਬਰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਵੱਡੇ ਪੈਮਾਨੇ 'ਤੇ ਹਵਾਈ ਹਮਲੇ ਸ਼ੁਰੂ ਕਰਨ ਤੋਂ ਬਾਅਦ ਆਈ ਹੈ। ਇਹ ਹਮਲੇ ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਮੇਨੀ ਦੀ ਹੱਤਿਆ ਤੋਂ ਬਾਅਦ ਹੋਏ, ਜਿਸ ਵਿੱਚ B-2 ਸਟੀਲਥ ਬੰਬਰਾਂ ਨੇ ਬੈਲਿਸਟਿਕ ਮਿਜ਼ਾਈਲ ਕੇਂਦਰਾਂ, ਨੇਵੀ ਫਲੀਟ ਅਤੇ ਏਅਰ ਡਿਫੈਂਸ ਸਿਸਟਮ ਨੂੰ ਨਿਸ਼ਾਨਾ ਬਣਾਇਆ। ਇਹ ਕਾਰਵਾਈ 60 ਸਕਿੰਟਾਂ ਵਿੱਚ ਤਿੰਨ ਵੱਡੇ ਟਿਕਾਣਿਆਂ 'ਤੇ ਕੀਤੀ ਗਈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ 9 ਇਰਾਨੀ ਜੰਗੀ ਜਹਾਜ਼ ਡੁੱਬ ਗਏ ਅਤੇ ਇਰਾਨ ਦੇ ਲਗਭਗ ਅੱਧੇ ਮਿਜ਼ਾਈਲ ਸਟਾਕ ਨੂੰ ਤਬਾਹ ਕਰ ਦਿੱਤਾ ਗਿਆ।

ਇਰਾਨ ਨੇ ਜਵਾਬੀ ਹਮਲੇ ਕੀਤੇ, ਜਿਨ੍ਹਾਂ ਵਿੱਚ ਅਮਰੀਕੀ ਫੌਜੀਆਂ ਨੂੰ ਨੁਕਸਾਨ ਪਹੁੰਚਿਆ।

ਅਮਰੀਕੀ ਸੈਂਟਰਲ ਕਮਾਂਡ (CENTCOM) ਅਨੁਸਾਰ, ਇਰਾਨੀ ਹਮਲਿਆਂ ਵਿੱਚ 3 ਅਮਰੀਕੀ ਸੈਨਿਕ ਮਾਰੇ ਗਏ ਅਤੇ 5 ਗੰਭੀਰ ਜ਼ਖ਼ਮੀ ਹੋਏ ਹਨ। ਇਹ ਪਹਿਲੀ ਵਾਰ ਹੈ ਜਦੋਂ ਇਸ ਸੰਘਰਸ਼ ਵਿੱਚ ਅਮਰੀਕੀ ਜਾਨੀ ਨੁਕਸਾਨ ਦੀ ਪੁਸ਼ਟੀ ਹੋਈ ਹੈ। ਇਹ ਸੈਨਿਕ ਕੁਵੈਤ ਵਿੱਚ ਲੌਜਿਸਟਿਕਸ ਯੂਨਿਟ ਵਿੱਚ ਤਾਇਨਾਤ ਸਨ ਅਤੇ ਇਰਾਨੀ ਮਿਜ਼ਾਈਲਾਂ/ਡਰੋਨ ਹਮਲਿਆਂ ਵਿੱਚ ਮਾਰੇ ਗਏ। ਟਰੰਪ ਨੇ ਇਨ੍ਹਾਂ ਨੂੰ "ਸੱਚੇ ਦੇਸ਼ਭਗਤ" ਕਿਹਾ ਅਤੇ ਚੇਤਾਵਨੀ ਦਿੱਤੀ ਕਿ ਜੰਗ ਹੋਰ ਲੰਬੀ ਚੱਲ ਸਕਦੀ ਹੈ ਅਤੇ ਹੋਰ ਅਮਰੀਕੀ ਜਾਨਾਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ "ਚਾਰ ਹਫ਼ਤਿਆਂ ਜਾਂ ਘੱਟ" ਵਿੱਚ ਖਤਮ ਹੋ ਸਕਦੀ ਹੈ ਪਰ ਜ਼ਰੂਰੀ ਨਹੀਂ।

ਇਰਾਨ ਵੱਲੋਂ ਵੱਡੇ ਪੱਧਰ 'ਤੇ ਜਵਾਬੀ ਹਮਲੇ ਹੋਏ: ਮਿਜ਼ਾਈਲਾਂ UAE, ਕੁਵੈਤ, ਬਹਿਰੀਨ ਅਤੇ ਇਜ਼ਰਾਈਲ ਵੱਲ ਸੁੱਟੀਆਂ ਗਈਆਂ। ਇਸ ਨਾਲ ਖਾੜੀ ਦੇਸ਼ਾਂ ਵਿੱਚ ਨਾਗਰਿਕ ਮੌਤਾਂ ਹੋਈਆਂ। ਇਜ਼ਰਾਈਲ ਵਿੱਚ ਇੱਕ ਸਿਨਾਗੋਗ 'ਤੇ ਹਮਲੇ ਵਿੱਚ 9 ਲੋਕ ਮਾਰੇ ਗਏ। ਲੈਬਨਾਨ ਦੇ ਹਿਜ਼ਬੁੱਲਾ ਨੇ ਵੀ ਇਜ਼ਰਾਈਲ 'ਤੇ ਮਿਜ਼ਾਈਲ ਸੁੱਟੇ, ਜਿਸ ਦੇ ਜਵਾਬ ਵਿੱਚ ਬੈਰੂਤ 'ਤੇ ਹਮਲੇ ਹੋਏ ਜਿਨ੍ਹਾਂ ਵਿੱਚ 31 ਮੌਤਾਂ ਅਤੇ 149 ਜ਼ਖ਼ਮੀ ਹੋਏ। ਇਰਾਨੀ ਰੈੱਡ ਕ੍ਰੀਸੈਂਟ ਨੇ ਦੱਸਿਆ ਕਿ ਅਮਰੀਕਾ-ਇਜ਼ਰਾਈਲ ਹਮਲਿਆਂ ਵਿੱਚ 131 ਇਰਾਨੀ ਸ਼ਹਿਰਾਂ 'ਤੇ ਹਮਲੇ ਹੋਏ ਅਤੇ 555 ਨਾਗਰਿਕ ਮਾਰੇ ਗਏ ਹਨ (ਪਹਿਲਾਂ 200 ਦੱਸੇ ਗਏ ਸਨ)। ਇਰਾਨ ਨੇ "ਭਿਆਨਕ ਬਦਲਾ" ਲੈਣ ਦੀ ਧਮਕੀ ਦਿੱਤੀ ਅਤੇ ਕਿਹਾ ਕਿ ਇਹ "ਰੈੱਡ ਲਾਈਨ" ਪਾਰ ਕਰਨ ਵਾਲਾ ਅਪਰਾਧ ਹੈ। ਨਵਾਂ ਸੁਪਰੀਮ ਲੀਡਰ 1-2 ਦਿਨਾਂ ਵਿੱਚ ਚੁਣਿਆ ਜਾਵੇਗਾ।

ਆਰਥਿਕ ਪ੍ਰਭਾਵ: ਤੇਲ ਦੀਆਂ ਕੀਮਤਾਂ ਵਧੀਆਂ (WTI $72, Brent $78.55 ਪ੍ਰਤੀ ਬੈਰਲ), ਹਾਰਮੁਜ਼ ਜਲਡੰਘੀ 'ਤੇ ਵਪਾਰ ਪ੍ਰਭਾਵਿਤ, ਭਾਰਤੀ ਸ਼ੇਅਰ ਬਾਜ਼ਾਰ ਡਿੱਗਿਆ (ਸੈਂਸੈਕਸ 2743 ਅੰਕ ਡਾਊਨ), ਸੋਨਾ-ਚਾਂਦੀ ਮਹਿੰਗੇ ਹੋਏ। ਕੋਲਕਾਤਾ ਏਅਰਪੋਰਟ ਤੋਂ ਗਲਫ਼ ਦੇਸ਼ਾਂ ਵੱਲ 20 ਉਡਾਣਾਂ ਰੱਦ ਹੋਈਆਂ।

ਭਾਰਤ ਦਾ ਰੁਖ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪੀਐੱਮ ਨਾਲ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਭਾਰਤ ਹਮੇਸ਼ਾ ਸੰਵਾਦ ਅਤੇ ਡਿਪਲੋਮੈਸੀ ਨਾਲ ਵਿਵਾਦ ਹੱਲ ਕਰਨ ਦਾ ਸਮਰਥਨ ਕਰਦਾ ਹੈ। ਸੀਸੀਐੱਸ ਮੀਟਿੰਗ ਵਿੱਚ ਹਿੰਸਾ ਰੋਕਣ ਅਤੇ ਗਲਫ਼ ਵਿੱਚ ਭਾਰਤੀ ਪ੍ਰਵਾਸੀਆਂ ਦੀ ਸੁਰੱਖਿਆ 'ਤੇ ਚਿੰਤਾ ਜ਼ਾਹਰ ਕੀਤੀ ਗਈ।

ਇਹ ਸੰਘਰਸ਼ ਹੁਣ ਵੱਡੇ ਪੱਧਰ 'ਤੇ ਫੈਲ ਰਿਹਾ ਹੈ, ਜਿਸ ਵਿੱਚ ਯੂਰਪੀ ਦੇਸ਼ (ਬ੍ਰਿਟੇਨ, ਫਰਾਂਸ, ਜਰਮਨੀ) ਅਮਰੀਕਾ ਨੂੰ ਸਮਰਥਨ ਦੇ ਰਹੇ ਹਨ। IAEA ਨੂੰ ਇਰਾਨ ਦੇ ਨਿਊਕਲੀਅਰ ਸਾਈਟਾਂ ਬਾਰੇ ਜਾਣਕਾਰੀ ਨਹੀਂ ਮਿਲ ਰਹੀ, ਪਰ ਨਿਊਕਲੀਅਰ ਸਾਈਟਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਸਥਿਤੀ ਬਹੁਤ ਤਣਾਅਪੂਰਨ ਹੈ ਅਤੇ ਹੋਰ ਵਿਕਾਸ ਹੋ ਸਕਦੇ ਹਨ।

## World News ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਹ ਐਲਾਨ ਕੀਤਾ ਹੈ ਕਿ ਗਲਫ਼ ਦੇਸ਼ਾਂ ਵਿੱਚ ਯੁੱਧ ਅਤੇ ਤਣਾਅ ਕਾਰਨ ਬਹੁਤ ਸਾਰੇ ਪੰਜਾਬੀ ਨੌਜਵਾਨ, ਵਿਦਿਆਰਥੀ ਅਤੇ ਮਜ਼ਦੂਰ ਮੁਸੀਬਤ ਵਿੱਚ ਫਸੇ ਹੋਏ ਹਨ

### ਮੱਧ ਪੂਰਬ ਵਿੱਚ ਚੱਲ ਰਹੇ ਸੰਘਰਸ਼ ਕਾਰਨ ਅਰਬ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਲਈ ਪੰਜਾਬ ਸਰਕਾਰ ਵੱਲੋਂ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ

ਮੱਧ ਪੂਰਬ ਵਿੱਚ ਚੱਲ ਰਹੇ ਸੰਘਰਸ਼ ਕਾਰਨ ਅਰਬ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਲਈ ਪੰਜਾਬ ਸਰਕਾਰ ਵੱਲੋਂ ਹੈਲਪਲਾਈਨ ਨੰਬਰ ਜਾਰੀ ਕੀਤੇ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਹ ਐਲਾਨ ਕੀਤਾ ਹੈ ਕਿ ਗਲਫ਼ ਦੇਸ਼ਾਂ ਵਿੱਚ ਯੁੱਧ ਅਤੇ ਤਣਾਅ ਕਾਰਨ ਬਹੁਤ ਸਾਰੇ ਪੰਜਾਬੀ ਨੌਜਵਾਨ, ਵਿਦਿਆਰਥੀ ਅਤੇ ਮਜ਼ਦੂਰ ਮੁਸੀਬਤ ਵਿੱਚ ਫਸੇ ਹੋਏ ਹਨ। ਇਹ ਸਥਿਤੀ ਬਹੁਤ ਗੰਭੀਰ ਹੈ ਅਤੇ ਲੋਕਾਂ ਨੂੰ ਸੁਰੱਖਿਆ ਅਤੇ ਵਾਪਸੀ ਵਿੱਚ ਮਦਦ ਦੀ ਲੋੜ ਹੈ।

ਸਰਕਾਰ ਨੇ ਐਨਆਰਆਈ ਵਿੰਗ ਰਾਹੀਂ 24 ਘੰਟੇ ਚੱਲਣ ਵਾਲੀ ਹੈਲਪਲਾਈਨ ਅਤੇ ਕੰਟਰੋਲ ਰੂਮ ਸਥਾਪਿਤ ਕੀਤਾ ਹੈ। ਜੇਕਰ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਅਰਬ ਦੇਸ਼ਾਂ ਵਿੱਚ ਫਸਿਆ ਹੋਇਆ ਹੈ ਤਾਂ ਤੁਰੰਤ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰੋ:

ਫੋਨ ਨੰਬਰ: 0172-2260042
ਫੋਨ ਨੰਬਰ: 0172-2260043
ਵਟਸਐਪ ਨੰਬਰ: +91 94787 79112

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਜੋ ਫਸੇ ਹੋਏ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਸੁਰੱਖਿਅਤ ਵਾਪਸ ਲਿਆਂਦਾ ਜਾ ਸਕੇ। ਉਨ੍ਹਾਂ ਨੇ ਭਰੋਸਾ ਦਿਵਾਇਆ ਹੈ ਕਿ ਸਰਕਾਰ ਇਨ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਮਦਦ ਕੀਤੀ ਜਾਵੇਗੀ। ਇਹ ਸਮਾਂ ਬਹੁਤ ਮੁਸ਼ਕਲ ਹੈ ਪਰ ਸਰਕਾਰ ਪੂਰੀ ਤਾਕਤ ਨਾਲ ਕੰਮ ਕਰ ਰਹੀ ਹੈ।

ਇਸ ਸੰਘਰਸ਼ ਦੇ ਕਾਰਨ ਫਲਾਈਟਾਂ ਰੱਦ ਹੋ ਰਹੀਆਂ ਹਨ, ਏਅਰਪੋਰਟਾਂ 'ਤੇ ਲੋਕ ਫਸੇ ਹੋਏ ਹਨ, ਖਾਸ ਕਰਕੇ ਯੂਏਈ (ਦੁਬਈ) ਵਿੱਚ ਬਹੁਤ ਸਾਰੇ ਪੰਜਾਬੀ ਪ੍ਰਭਾਵਿਤ ਹਨ। ਪੰਜਾਬ ਦੇ ਐਨਆਰਆਈ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਵੀ ਫਸੇ ਲੋਕਾਂ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ ਅਤੇ ਸਥਿਤੀ ਨੂੰ ਨਜ਼ਰੀਂ ਰੱਖ ਰਹੇ ਹਨ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਹੋਰ ਆਗੂਆਂ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੋਂ ਤੁਰੰਤ ਵਾਪਸੀ ਲਈ ਵਿਸ਼ੇਸ਼ ਫਲਾਈਟਾਂ ਅਤੇ ਹੈਲਪਲਾਈਨ ਦੀ ਮੰਗ ਕੀਤੀ ਹੈ।

ਕੇਂਦਰ ਸਰਕਾਰ ਵੀ ਪੱਛਮੀ ਏਸ਼ੀਆ ਵਿੱਚ ਭਾਰਤੀ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ ਕਰ ਰਹੀ ਹੈ ਅਤੇ ਵੱਖ-ਵੱਖ ਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਨੇ ਐਮਰਜੈਂਸੀ ਨੰਬਰ ਦਿੱਤੇ ਹਨ। ਪਰ ਪੰਜਾਬ ਸਰਕਾਰ ਨੇ ਆਪਣੇ ਲੋਕਾਂ ਲਈ ਵਿਸ਼ੇਸ਼ ਤੌਰ 'ਤੇ ਇਹ ਹੈਲਪਲਾਈਨ ਸਥਾਪਿਤ ਕੀਤੀ ਹੈ ਤਾਂ ਜੋ ਪੰਜਾਬੀ ਪਰਿਵਾਰਾਂ ਨੂੰ ਤੁਰੰਤ ਮਦਦ ਮਿਲ ਸਕੇ।

ਜੇਕਰ ਤੁਹਾਡਾ ਕੋਈ ਰਿਸ਼ਤੇਦਾਰ ਜਾਂ ਜਾਣਕਾਰ ਇਨ੍ਹਾਂ ਦੇਸ਼ਾਂ ਵਿੱਚ ਹੈ ਤਾਂ ਤੁਰੰਤ ਸੰਪਰਕ ਕਰੋ ਅਤੇ ਸਥਿਤੀ ਬਾਰੇ ਜਾਣਕਾਰੀ ਦਿਓ। ਸੁਰੱਖਿਆ ਸਭ ਤੋਂ ਪਹਿਲਾਂ ਹੈ ਅਤੇ ਸਰਕਾਰ ਇਸ ਵਿੱਚ ਕੋਈ ਕਸਰ ਨਹੀਂ ਛੱਡੇਗੀ। ਇਹ ਸਮਾਂ ਚੁਣੌਤੀਪੂਰਨ ਹੈ ਪਰ ਇਕੱਠੇ ਮਿਲ ਕੇ ਅਸੀਂ ਆਪਣੇ ਲੋਕਾਂ ਨੂੰ ਸੁਰੱਖਿਅਤ ਵਾਪਸ ਲਿਆ ਸਕਦੇ ਹਾਂ।ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਹੈ ਕਿ ਪੰਜਾਬ ਸਰਕਾਰ ਅਰਬ ਦੇਸ਼ਾਂ ਵਿੱਚ ਚੱਲ ਰਹੀ ਜੰਗ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਇਸ ਮਾਮਲੇ ਵਿੱਚ ਭਾਰਤ ਸਰਕਾਰ ਨਾਲ ਲਗਾਤਾਰ ਤਾਲਮੇਲ ਬਣਾ ਕੇ ਚੱਲ ਰਹੀ ਹੈ ਤਾਂ ਕਿ ਉੱਥੇ ਫਸੇ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਵਾਪਸ ਲਿਆਂਦਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਖਾੜੀ ਦੇਸ਼ਾਂ ਵਿੱਚ ਪੈਦਾ ਹੋਏ ਗੰਭੀਰ ਹਾਲਾਤ ਕਾਰਨ ਕਈ ਪੰਜਾਬੀ ਨੌਜਵਾਨ ਅਤੇ ਵਿਦਿਆਰਥੀ ਮੁਸ਼ਕਿਲ ਵਿੱਚ ਹਨ, ਜਿਨ੍ਹਾਂ ਦੀ ਮਦਦ ਲਈ ਸਰਕਾਰ ਨੇ 24 ਘੰਟੇ ਚੱਲਣ ਵਾਲੀ ਹੈਲਪਲਾਈਨ ਅਤੇ ਕੰਟਰੋਲ ਰੂਮ ਸਥਾਪਿਤ ਕੀਤਾ ਹੈ।



ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਹੈ ਕਿ ਪੰਜਾਬ ਸਰਕਾਰ ਅਰਬ ਦੇਸ਼ਾਂ ਵਿੱਚ ਚੱਲ ਰਹੀ ਜੰਗ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਇਸ ਮਾਮਲੇ ਵਿੱਚ ਭਾਰਤ ਸਰਕਾਰ ਨਾਲ ਲਗਾਤਾਰ ਤਾਲਮੇਲ ਬਣਾ ਕੇ ਚੱਲ ਰਹੀ ਹੈ ਤਾਂ ਕਿ ਉੱਥੇ ਫਸੇ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਵਾਪਸ ਲਿਆਂਦਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਖਾੜੀ ਦੇਸ਼ਾਂ ਵਿੱਚ ਪੈਦਾ ਹੋਏ ਗੰਭੀਰ ਹਾਲਾਤ ਕਾਰਨ ਕਈ ਪੰਜਾਬੀ ਨੌਜਵਾਨ ਅਤੇ ਵਿਦਿਆਰਥੀ ਮੁਸ਼ਕਿਲ ਵਿੱਚ ਹਨ, ਜਿਨ੍ਹਾਂ ਦੀ ਮਦਦ ਲਈ ਸਰਕਾਰ ਨੇ 24 ਘੰਟੇ ਚੱਲਣ ਵਾਲੀ ਹੈਲਪਲਾਈਨ ਅਤੇ ਕੰਟਰੋਲ ਰੂਮ ਸਥਾਪਿਤ ਕੀਤਾ ਹੈ।ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਅਰਬ ਦੇਸ਼ਾਂ ਵਿਚ ਫਸੇ ਪੰਜਾਬੀਆਂ ਦੀ ਸਹਾਇਤਾ ਲਈ ਹੈਲਪਲਾਈਨ ਨੰਬਰ ਜਾਰੀ ਕੀਤੇ ਹਨ। ਉਨ੍ਹਾਂ ਇਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਅਰਬ ਦੇਸ਼ਾਂ ਵਿਚ ਲੜਾਈ ਲੱਗਣ ਕਰਕੇ ਬਹੁਤ ਸਾਰੇ ਪੰਜਾਬੀ ਇਨ੍ਹਾਂ ਮੁਲਕਾਂ ਵਿਚ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਐਨ.ਆਰ.ਆਈ. ਵਿੰਗ ਦੇ ਨੰਬਰ ਜਾਰੀ ਕੀਤੇ ਜਾ ਰਹੇ ਹਨ ਤੇ ਜੇ ਕੋਈ ਖੁਦ ਜਾਂ ਉਸ ਦਾ ਪਰਿਵਾਰਕ ਮੈਂਬਰ ਇਨ੍ਹਾਂ ਮੁਲਕਾਂ ਵਿੱਚ ਫਸਿਆ ਹੈ ਤਾਂ ਤੁਰੰਤ ਸੰਪਰਕ ਕਰੋ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਮੰਤਰਾਲੇ ਦੇ ਸੰਪਰਕ ਵਿਚ ਹਨ।

## "ਏਕਾ ਭਾਈਚਾਰਾ ਪਿਆਰ ਦਾ ਸੰਦੇਸ਼"



ਇਨਸਾਨੀਅਤ ਲੱਗੇ ਹੁਣ ਖਤਮ ਹੋਈ ਦੁਨੀਆਂ ਚੋਂ,
ਸਾਰੇ ਦੇਸ਼ ਇਕ ਦੂਜੇ ਦੇ ਹੀ ਬਣੀ ਜਾਣ ਵੈਰੀ ਜੀ।
ਮੈਨੂੰ ਮਾੜਾ ਕਹੇਂ ਦੱਸ ਤੇਰੀ ਕੀ ਔਕਾਤ ਇਹੇ?
ਨਿਗਾ ਇੱਕ ਦੂਜੇ ਤੇ ਕਈ ਰੱਖਦੇ ਨੇ ਗਹਿਰੀ ਜੀ।
ਲੁਕਾਈ ਨੂੰ ਹੀ ਮਾਰ ਕੇ ਤੇ ਕਰਨਾ ਹੈ ਰਾਜ ਕਿੱਥੇ?
ਫਿਰ ਬਣ ਜਾਣੀ ਦੁਨੀਆਂ ਤਾਂ ਮਿੱਟੀ ਦੀ ਹੀ ਢੇਰੀ ਜੀ।
ਬੰਬਾਂ ਤੇ ਮਜਾਈਲਾਂ ਨਾਲ ਨਿਹੱਥਿਆਂ ਤੇ ਵਾਰ ਕਰੋਂ,
ਪੇਂਡੂ ਖਿੱਤਾ ਹੋਵੇ ਜਾਂ ਕੋਈ ਖਿੱਤਾ ਹੋਵੇ ਸ਼ਹਿਰੀ ਜੀ।
ਸਮਝਦੇ ਨੇ ਮੁੱਠ ਵਿੱਚ ਦੁਨੀਆਂ ਨੂੰ ਦੇਸ਼ ਕਈ,
ਰਾਈ ਭਰ ਝੂਠ ਨਹੀਂ ਇਹ ਗੱਲ 40 ਸੇਰੀ ਜੀ।
ਕਾਦਰ ਤੋਂ ਡਰਦੇ ਨਹੀਂ ਆਪਣੀ ਪਗਾਉਣ ਵਾਲੇ,
ਓਨਾਂ ਦੀ ਹਾਲਤ ਆਖਿਰ ਹੋਣੀ ਬਹੁਤ ਭੈੜੀ ਜੀ।
ਭਾਈਚਾਰਾ ਪਿਆਰ ਦਾ ਸੰਦੇਸ਼ ਧਰਮ ਨੇ ਦਿੰਦੇ ਸਾਰੇ,
ਮਾਰਨ ਮਰਾਉਣ ਵਾਲੀ ਕਿਸੇ ਵੀ ਗ੍ਰੰਥ ਦੀ ਦੱਸੋ ਲਾਈਨ ਕਿਹੜੀ ਜੀ?

ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਮੇਰਾ ਪਿੰਡ



ਨਾ ਮੇਰੇ ਵਿੱਚੋਂ ਪਿੰਡ ਨਿੱਕਲੇ,ਨਾ ਮੈਂ ਹੀ ਪਿੰਡ ਤੋਂ ਦੂਰ ਹੋਵਾਂ।
ਮੇਰੇ ਲਈ ਮੇਰਾ ਪਿੰਡ ਰੋਵੇ,ਮੈਂ ਆਪਣੇ ਪਿੰਡ ਦੇ ਲਈ ਰੋਵਾਂ।
ਇੱਕ ਬੋਹੜ ਦੀ ਠੰਡੀ ਛਾਂ ਥੱਲੇ,ਅਸੀਂ ਕੱਟਦੇ ਸਿਖਰ ਦੁਪਹਿਰਾਂ ਸੀ।
ਨਾ ਅੱਜ ਦੇ ਪਾਣੀ ਵਾਂਗ ਉਦੋਂ,ਪਾਣੀ ਵਿੱਚ ਘੁੱਲੀਆਂ ਜ਼ਹਿਰਾਂ ਸੀ।
ਚਿੱਤ ਅੱਜ ਵੀ ਮੇਰਾ ਕਰਦਾ ਏ,ਪੰਡ ਸਿਰ ਤੇ ਪੱਠਿਆਂ ਦੀ ਢੋਵਾਂ।
ਮੇਰੇ ਲਈ------------------------।
ਉਦੋਂ ਖੁੱਲੀਆਂ ਬਹੁਤ ਚਰਾਂਦਾਂ ਸੀ,ਮੈਂ ਵੱਗ ਮੱਝੀਆਂ ਦਾ ਚਾਰਦਾ ਸੀ।
ਮੈਂ ਕਾਗਜ ਦੀਆਂ ਬੇੜੀਆਂ ਨੂੰ, ਖੜ੍ਹੇ ਪਾਣੀਆਂ ਦੇ ਵਿੱਚ ਤਾਰਦਾ ਸੀ।
ਮੇਰਾ ਜੇ ਕਿੱਧਰੇ ਵੱਸ ਚੱਲਜੇ,ਪਿੰਡ ਜਾ ਕੇ ਮੱਝਾਂ ਮੁੜ ਚੋਵਾਂ।
ਮੇਰੇ ਲਈ------------------------।
ਮੇਰੇ ਪਿੰਡ ਦੇ ਚੜ੍ਹਦੇ ਪਾਸੇ ਵੱਲ੍ਹ,ਇੱਕ ਚੱਲਦੀ ਖੱਡ ਬਰਸਾਤਾਂ ਨੂੰ।
ਅੱਜ ਵੀ ਮੈਂ ਚੇਤੇ ਕਰ ਲੈਨਾ,ਬਚਪਨ ਵਿੱਚ ਸੁਣੀਆਂ ਬਾਤਾਂ ਨੂੰ।
ਗੱਲ ਮੁੜ-ਮੁੜ ਪਿੰਡ ਦੀ ਤੁਰਦੀ ਏ,ਜਦ 'ਨਾਗਰੇ' ਸੰਗ ਬੈਠਾ ਹੋਵਾਂ।
ਮੇਰੇ ਲਈ------------------------।

ਜਸਪਾਲ ਸਿੰਘ ਨਾਗਰਾ'ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਮੈਂ ਹਾਂ ਅੱਜ ਦੀ ਨਾਰੀ, ਜੋ ਮਾਰ ਗਈ ਅੰਬਰ ਉਡਾਰੀ,



ਮੈਂ ਹਾਂ ਅੱਜ ਦੀ ਨਾਰੀ,
ਜੋ ਮਾਰ ਗਈ ਅੰਬਰ ਉਡਾਰੀ,

ਹਰ ਪਾਸੇ ਤੋਂ ਠੋਕਰ ਖਾ ਕੇ,
ਜਿੱਤ ਲਈ ਏ ਦੁਨੀਆਂ ਸਾਰੀ,

ਨਾਰੀ ਮੇਰਾ ਕਿਰਦਾਰ ਏ ਉੱਚਾ,
ਕਈ ਥਾਂ ਮੈਂ ਕਿਸਮਤ ਹਾਰੀ,

ਹੁਣ ਮੈਨੂੰ ਸਾਰੇ ਹੱਕ ਵੀ ਮਿਲਗੇ,
ਜਿਸਨੇ ਮੇਰੀ ਜਿੰਦਗੀ ਸਵਾਰੀ,

ਕਿਤੇ ਨੇ ਲੋਕ ਮੇਰੀ ਕਰਦੇ ਪੂਜਾ,
ਕਈ ਫਿਰਨ ਏਥੇ ਹਵਸ ਸ਼ਿਕਾਰੀ,

ਰਾਣੂ ਇੱਜ਼ਤਾ ਨੂੰ ਓ ਦਾਗ ਨਾ ਲੌਣ,
ਜਿਨ੍ਹਾਂ ਕਰਨੀ ਵੀਰਾਂ ਸਿਰ ਸਰਦਾਰੀ ॥

ਗੁਰਜੀਤ ਕੌਰ ਰਾਣੂ

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# ਮੁਹੱਬਤ ਵਿੱਚ ਉਹ ਤਾਕਤ ਹੈ ਜੋ ਦੁਨੀਆਂ ਦੀ ਕਿਸੇ ਵੀ ਸ਼ੈ ਤੇ ਜਿੱਤ ਪ੍ਰਾਪਤ ਕਰਨ ਦਾ ਹੌਸਲਾ ਰੱਖਦੀ ਹੈ। ਮੁਹੱਬਤ ਦੀ ਇਸ ਤਾਕਤ ਨੂੰ ਸਾਬਿਤ ਕੀਤਾ ਹੈ। ਚੀਨ ਦੀ ਇੱਕ ਕਹਾਣੀ ਨੇ।



ਮੁਹੱਬਤ ਵਿੱਚ ਉਹ ਤਾਕਤ ਹੈ ਜੋ ਦੁਨੀਆਂ ਦੀ ਕਿਸੇ ਵੀ ਸ਼ੈ ਤੇ ਜਿੱਤ ਪ੍ਰਾਪਤ ਕਰਨ ਦਾ ਹੌਸਲਾ ਰੱਖਦੀ ਹੈ। ਮੁਹੱਬਤ ਦੀ ਇਸ ਤਾਕਤ ਨੂੰ ਸਾਬਿਤ ਕੀਤਾ ਹੈ। ਚੀਨ ਦੀ ਇੱਕ ਕਹਾਣੀ ਨੇ। Wang xiao ਨਾਂ ਦੀ ਇੱਕ ਲੜਕੀ ਜੋ ਗੁਰਦੇ ਫੇਲ ਹੋਣ ਤੋਂ ਪੀੜਿਤ ਸੀ ਅਤੇ Yu Xiapinng ਜਿਸ ਨੂੰ ਹੱਡੀਆਂ ਦਾ ਕੈਂਸਰ ਸੀ ਦੀ ਕਹਾਣੀ ਕਿ ਅਜਿਹੀ ਮੁਹੱਬਤ ਦੀ ਦਾਸਤਾਨ ਹੈ ਜਿਸਨੇ ਮੌਤ ਨੂੰ ਵੀ ਹਰਾ ਦਿੱਤਾ। Wang Xiao ਨੂੰ ਦੱਸਿਆ ਗਿਆ ਕਿ ਉਸਦੇ ਕੋਲ ਗੁਰਦੇ ਦੇ ਟ੍ਰਾਂਸਪਲਾਂਟ ਤੋਂ ਬਿਨਾਂ ਜਿਉਣ ਲਈ ਲਗਭਗ ਇੱਕ ਸਾਲ ਹੈ। Yu Xiapinng ਦੇਰ ਤੋਂ ਕੈਂਸਰ ਨਾਲ ਜੂਝ ਰਿਹਾ ਸੀ ਅਤੇ ਉਸਨੂੰ ਨਹੀਂ ਪਤਾ ਸੀ ਕਿ ਉਸਦੇ ਕੋਲ ਕਿੰਨਾ ਸਮਾਂ ਬਚਿਆ ਹੈ।

ਉੱਤਰ-ਪੱਛਮੀ ਚੀਨ ਵਿੱਚ, ਯੂਰੇਮੀਆ ਨਾਲ ਪੀੜਤ ਇੱਕ ਔਰਤ ਦੇ ਵਿਕਲਪ ਖਤਮ ਹੋ ਰਹੇ ਸਨ। ਉਸਦੇ ਪਰਿਵਾਰ ਵਿੱਚ ਕੋਈ ਢੁਕਵਾਂ ਦਾਨੀ ਨਾ ਹੋਣ ਕਰਕੇ, ਉਸਨੇ ਇੱਕ ਔਨਲਾਈਨ ਸਹਾਇਤਾ ਸਮੂਹ ਦੀ ਸ਼ਰਨ ਲਈ ਅਤੇ ਇੱਕ ਅਸਾਧਾਰਨ ਪ੍ਰਸਤਾਵ ਦਿੱਤਾ: ਉਹ ਕਿਸੇ ਅਜਿਹੇ ਗੰਭੀਰ ਬਿਮਾਰੀ ਨਾਲ ਪੀੜਿਤ ਵਿਅਕਤੀ ਨਾਲ ਵਿਆਹ ਕਰੇਗੀ ਜੋ ਮੌਤ ਤੋਂ ਬਾਅਦ ਗੁਰਦਾ ਦਾਨ ਕਰਨ ਲਈ ਤਿਆਰ ਹੋਵੇ। ਐਡਵਾਂਸਡ ਕੈਂਸਰ ਨਾਲ ਲੜ ਰਹੇ ਇੱਕ ਆਦਮੀ ਨੇ ਜਵਾਬ ਦਿੱਤਾ। 2013 ਵਿੱਚ, ਉਨ੍ਹਾਂ ਨੇ ਕਾਨੂੰਨੀ ਤੌਰ 'ਤੇ ਆਪਣਾ ਵਿਆਹ ਰਜਿਸਟਰ ਕੀਤਾ - ਰੋਮਾਂਸ ਲਈ ਨਹੀਂ, ਸਗੋਂ ਬਚਾਅ ਲਈ।

ਸਮਝੌਤਾ ਸਧਾਰਨ ਅਤੇ ਦਿਲ ਤੋੜਨ ਵਾਲਾ ਸੀ। ਉਹ ਉਸਦੀ ਬਿਮਾਰੀ ਦੌਰਾਨ ਉਸਦੀ ਦੇਖਭਾਲ ਕਰੇਗੀ। ਜਦੋਂ ਸਮਾਂ ਆਇਆ, ਤਾਂ ਉਹ ਉਸਨੂੰ ਉਹ ਅੰਗ ਦੇਵੇਗਾ ਜੋ ਉਸਦੀ ਜਾਨ ਬਚਾ ਸਕਦਾ ਹੈ। ਪਰ ਹਸਪਤਾਲ ਦੀਆਂ ਮੁਲਾਕਾਤਾਂ, ਇਲਾਜਾਂ ਅਤੇ ਡਰ ਅਤੇ ਮੌਤ ਦਰ ਬਾਰੇ ਦੇਰ ਰਾਤ ਦੀਆਂ ਗੱਲਬਾਤਾਂ ਦੇ ਵਿਚਕਾਰ ਕਿਤੇ ਨਾ ਕਿਤੇ, ਕੁਝ ਬਦਲ ਗਿਆ। ਪ੍ਰਬੰਧ ਹੌਲੀ-ਹੌਲੀ ਇੱਕ ਸਾਂਝੇਦਾਰੀ ਬਣ ਗਿਆ। ਸਾਂਝੇਦਾਰੀ ਪਿਆਰ ਬਣ ਗਈ। ਜਿਵੇਂ-ਜਿਵੇਂ ਮਹੀਨੇ ਬੀਤਦੇ ਗਏ, ਉਨ੍ਹਾਂ ਦੀਆਂ ਦੋਵਾਂ ਦੀਆਂ ਸਥਿਤੀਆਂ ਕਥਿਤ ਤੌਰ 'ਤੇ ਸਥਿਰ ਹੁੰਦੀਆਂ ਗਈਆਂ। ਟ੍ਰਾਂਸਪਲਾਂਟ ਜੋ ਇੱਕ ਵਾਰ ਉਨ੍ਹਾਂ ਦੇ ਵਿਆਹ ਨੂੰ ਪਰਿਭਾਸ਼ਿਤ ਕਰਦਾ ਸੀ ਘੱਟ ਜ਼ਰੂਰੀ ਹੋ ਗਿਆ, ਅਤੇ ਉਨ੍ਹਾਂ ਦਾ ਬੰਧਨ ਅਸਲ ਮੁੱਦੇ ਤੋਂ ਪਰੇ ਵਧਦਾ ਗਿਆ। ਮੌਤ ਦਾ ਸਾਹਮਣਾ ਕਰ ਰਹੇ ਦੋ ਅਜਨਬੀਆਂ ਵਿਚਕਾਰ ਇੱਕ ਹਤਾਸ਼ ਸਮਝੌਤੇ ਵਜੋਂ ਜੋ ਸ਼ੁਰੂ ਹੋਇਆ ਸੀ ਉਹ ਜ਼ਿੰਦਗੀ ਲਈ ਇੱਕ ਸਾਂਝੀ ਲੜਾਈ ਵਿੱਚ ਬਦਲ ਗਿਆ - ਕਿਸੇ ਇਕਰਾਰਨਾਮੇ ਕਾਰਨ ਨਹੀਂ, ਸਗੋਂ ਇਸ ਲਈ ਕਿਉਂਕਿ ਉਨ੍ਹਾਂ ਨੇ ਇੱਕ ਦੂਜੇ ਨੂੰ ਚੁਣਿਆ।

ਕਈ ਵਾਰ ਬਚਾਅ ਲੋਕਾਂ ਨੂੰ ਇਕੱਠੇ ਕਰਦਾ ਹੈ। ਅਤੇ ਕਈ ਵਾਰ, ਪਿਆਰ ਸਭ ਤੋਂ ਅਚਾਨਕ ਹਸਪਤਾਲ ਦੇ ਕਮਰੇ ਵਿੱਚ ਦਿਖਾਈ ਦਿੰਦਾ ਹੈ।

ਇਹ ਉਹ ਪਿਆਰ ਸੀ ਜੋ ਜਰੂਰਤ ਤੋਂ ਸ਼ੁਰੂ ਹੋਇਆ ਤੇ ਹੌਲੀ ਹੌਲੀ ਅਜਿਹੀ ਮੁਹੱਬਤ ਵਿੱਚ ਬਦਲ ਗਿਆ ਜਿਸ ਨੇ ਦੋਹਾਂ ਦੀ ਜਾਨ ਬਚਾ ਲਈ। ਮੁਹੱਬਤ ਦੀ ਤਾਕਤ ਦਾ ਇਸ ਤੋਂ ਵੱਡਾ ਹੋਰ ਕੀ ਸਬੂਤ ਹੋ ਸਕਦਾ ਹੈ।

ਸਰੋਤ ਇੰਟਰਨੈਟ
ਲੇਖਕ : ਹਰਪ੍ਰੀਤ ਕੌਰ ਸੰਧੂ।

# ਪਾਕਿਸਤਾਨ ਨਾਲ ਲੜਾਈ ਲੱਗ ਚੱਲੀ ਸੀ ਜਦ, ਛੂੰ ਛੂੰ ਕਰਕੇ ਜਿਨ੍ਹਾਂ ਕੋਲ ਚਾਰ ਛਿੱਲੜ ਸਨ ਵਿਦੇਸ਼ਾਂ ਤੱਕ ਵੀ ਚਲੇ ਗਏ। ਹੁਣ ਦੁਬਈ ਹੋਰ ਦੇਸ਼ਾਂ ਵਿੱਚ ਤਣਾਅ ਬਣਿਆ ਹੈ ਛੂੰ ਛੂੰ ਕਰ ਚਲੋ ਕਿਤੇ ਹੋਰ




ਪਾਕਿਸਤਾਨ ਨਾਲ ਲੜਾਈ ਲੱਗ ਚੱਲੀ ਸੀ ਜਦ, ਛੂੰ ਛੂੰ ਕਰਕੇ ਜਿਨ੍ਹਾਂ ਕੋਲ ਚਾਰ ਛਿੱਲੜ ਸਨ ਵਿਦੇਸ਼ਾਂ ਤੱਕ ਵੀ ਚਲੇ ਗਏ। ਹੁਣ ਦੁਬਈ ਹੋਰ ਦੇਸ਼ਾਂ ਵਿੱਚ ਤਣਾਅ ਬਣਿਆ ਹੈ ਛੂੰ ਛੂੰ ਕਰ ਚਲੋ ਕਿਤੇ ਹੋਰ।

ਇੱਦਾਂ ਨਹੀਂ ਹੁੰਦਾ .. ਔਖੇ ਵੇਲੇ ਸਭ ਨੇ ਨਾਲ ਖੜ੍ਹਨਾ ਹੁੰਦਾ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਦੱਸਣਾ ਹੁੰਦਾ ਹੈ.. ਔਖੇ ਸਮੇਂ ਨਾਲ ਕਿਵੇਂ ਇਕੱਠੇ ਇੱਕ ਜੁੱਟ ਹੋ ਨਿਜਿੱਠੀਦਾ ਹੈ। ਜਿੱਥੇ ਵੀ ਰਹੀਏ ਘੱਟੋ ਘੱਟ ਫੇਰ ਮਾੜੇ ਸਮੇਂ ਵੀ ਓਸੇ ਧਰਤੀ ਨਾਲ ਖਲੋਈਏ। ਇਹ ਨਹੀਂ ਜਿੱਥੇ ਫ਼ਾਇਦਾ ਓਥੇ ਓਥੇ ਭੱਜਦੇ ਫਿਰੀਏ। ਫੇਰ ਕਿਓਂ ਆਪਣੇ ਪੰਜਾਬ ਨਾਲ ਹੀ ਡੱਟ ਕੇ ਖੜ੍ਹੇ ਹੋਣ ਦਾ ਫ਼ੈਸਲਾ ਲਿਆ ਜਾਵੇ?? "ਵਤਨ ਵਾਪਸੀ" ਕੀਤੀ ਜਾਵੇ।

ਦੂਜੇ ਦੇਸ਼ਾਂ ਵਿੱਚ ਡਰ ਡਰ ਕੇ, ਆਪਣੀ ਪਹਿਚਾਣ, ਮਾਂ ਬੋਲੀ, ਜਵਾਨੀ, ਪਰਿਵਾਰਿਕ ਸਮਾਂ ਦਾਅ ਤੇ ਲਾ ਕੇ ਫੇਰ ਵੀ ਖ਼ੁਸ਼ ਨਾ ਰਹੇ, ਅਧੀਨ ਰਹੇ.. ਔਖੇ ਵੇਲੇ ਬੋਰੀਆ ਬਿਸਤਰਾ ਚੁੱਕਣਾ ਪਿਆ .. ਕੀ ਫਾਇਦਾ ? ਇਜ਼ਤ ਨਾਲ ਰਹਿਣਾ ਇੱਕ ਗੱਲ ਹੈ ਅਤੇ ਇਜ਼ਤ ਨਾਲ ਮਰਨਾ ਇੱਕ ਗੱਲ! ਪੰਜਾਬੀ ਹਾਂ ਅਸੀਂ ... ਪੰਜਾਬ ਸਾਡੀ ਧਰਤੀ ਹੈ ਜਿਸ ਨੂੰ ਆਪਣਾ ਕਹਿਣ ਲਈ ਕਿਸੇ ਕਾਗਜ਼ ਜਾਂ ਪਹਿਚਾਣ ਪੱਤਰ ਦੀ ਸਾਨੂੰ ਲੋੜ ਨਹੀਂ। ਇੱਥੇ ਰਹਿ ਕੇ ਕੁੱਝ ਵੱਡਾ ਕਰਨਾ, ਸਾਡਾ ਫ਼ਰਜ਼ ਹੈ।

"Reverse Migration - ਵਤਨ ਵਾਪਸੀ", ਇੱਕ ਅਹਿੰਮ ਮੁੱਦਾ ਹੈ ਜੋ ਮੇਰੇ ਅਹਿਸਾਸਾਂ ਵਿੱਚੋਂ ਉਪਜਿਆ ਹੈ। ਮੈਂ ਇਸ ਤੇ ਲਗਾਤਾਰ ਜਾਗਰੂਕ ਕਰ ਰਹੀ ਹਾਂ ਅਤੇ ਕਰਦੀ ਰਹਾਂਗੀ। ਤੁਸੀਂ ਵੀ ਆਪਣੇ ਵਿਚਾਰ ਰੱਖ ਕੇ ਇਸ ਮੁਹਿੰਮ ਦਾ ਜ਼ਰੂਰ ਹਿੱਸਾ ਬਣੋ। ਇਸ ਮੁਹਿੰਮ ਦਾ ਮਕਸਦ ਕਿਸੇ ਨੂੰ ਵਾਪਿਸ ਬੁਲਾਉਣਾ ਨਹੀਂ, ਬਲਕਿ "ਵਤਨ ਵਾਪਸੀ" ਦੀ ਸਿਰਫ਼ ਅਪੀਲ ਕਰਨਾ ਹੈ ਅਤੇ ਪੱਕੇ ਤੌਰ ਤੇ ਪੰਜਾਬ ਨੂੰ ਛੱਡ ਕੇ ਜਾਣ ਤੇ ਰੋਕ ਲਾਉਣਾ ਹੈ।

Stay Safe 🙏🏻

- ਮਨਦੀਪ ਕੌਰ ਟਾਂਗਰਾ
84278 81005

# ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**"ਬੰਦਗੀ"**

ਰੱਬ ਦੀ ਬੰਦਗੀ ਵਿਸ਼ਵਾਸ ਤੇ ਟਿਕੀ ਹੁੰਦੀ ਹੈ। ਸਵਰਗ ਨਰਕ ਦੇ ਚੱਕਰਾਂ 'ਚ ਉਲਝੀ ਬੰਦਗੀ ਕੋਈ ਮੰਜ਼ਿਲ ਪਾ ਹੀ ਨਹੀਂ ਸਕਦੀ। ਬੰਦਗੀ ਦੀ ਫਿਤਰਤ ਸਾਡੇ ਮਨ ਨੂੰ ਇਕਾਗਰ ਕਰੀ ਰੱਖਣ ਦੀ ਹੁੰਦੀ ਹੈ॥ ਬੰਦਗੀ ਦਾ ਢੰਡੋਰਾ ਪਿੱਟਣਾ ਮੂਰਖਤਾਈ ਹੈ।ਬੰਦਗੀ 'ਚ ਉਲਝਣ ਲਈ ਕੋਈ ਥਾਂ ਨਹੀਂ ਹੁੰਦੀ॥ ਕਿਰਤ ਦੀ ਬੰਦਗੀ ਕਰਨ ਦੀ ਸਮਝ ਬਣ ਗਈ ਤਾਂ ਸਭ ਮੋਰਚੇ ਫਤਹਿ ਹੋਣ ਲੱਗ ਪੈਣਗੇ। ਖੁਦਾਈ ਦੀ ਬੰਦਗੀ 'ਚ ਆਡੰਬਰ ਲਈ ਕੋਈ ਥਾਂ ਨਹੀਂ ਹੁੰਦੀ॥

**"ਤਿਆਗ"**

ਤਿਆਗ ਦੀ ਭਾਵਨਾ ਜ਼ਿੰਦਗੀ 'ਚ ਲਾਗੂ ਕਰੋ ਤਾਂ ਜੀਵਨ ਭਰ ਸੌਖੇ ਰਹੋਗੇ। ਲਾਲਚ ਬੁਰੀ ਬਲਾ ਹੈ॥ ਤਿਆਗੀ ਹੋਣਾ ਮਹਾਨ ਗੁਣ ਓਦੋਂ ਬਣਦੈ ਜਦੋਂ ਬੰਦਾ ਪ੍ਰਾਪਤੀ ਕਰਕੇ ਉਸਨੂੰ ਤਿਆਗ ਦੇਵੇ। ਬਿਨਾਂ ਪ੍ਰਾਪਤੀ ਤਿਆਗੀ ਕਹਾਉਣਾ ਮਹਿਜ਼ ਲਿਫਾਫਾ ਬਾਜੀ ਹੁੰਦੈ॥ ਚਿੰਤਨ ਕਰਦਿਆਂ ਭੈੜਾਂ ਤਿਆਗਣੀਆਂ ਸ਼ੁਰੂ ਕਰੋ ਤਾਂ ਗੁਣਾ ਦਾ ਪਲੜਾ ਸਹਿਜੇ ਭਾਰੀ ਹੋਣ ਲੱਗ ਪੈਂਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਮਨ ਦੀ ਉਦਾਸੀ—ਜਦੋਂ ਸਭ ਕੁਝ ਹੁੰਦਿਆਂ ਵੀ ਦਿਲ ਖਾਲੀ-ਖਾਲੀ ਲੱਗੇ



ਅਸੀਂ ਅਕਸਰ ਸੋਚਦੇ ਹਾਂ ਕਿ ਇਨਸਾਨ ਉਦੋਂ ਹੀ ਉਦਾਸ ਹੁੰਦਾ ਹੈ ਜਦੋਂ ਉਸਨੂੰ ਕੋਈ ਵੱਡਾ ਦੁੱਖ ਲੱਗਾ ਹੋਵੇ, ਕੋਈ ਆਪਣਾ ਵਿੱਛੜ ਗਿਆ ਹੋਵੇ ਜਾਂ ਸਿਰ 'ਤੇ ਗਰੀਬੀ ਹੋਵੇ। ਪਰ ਮਾਨਸਿਕ ਸਿਹਤ ਦੀ ਇੱਕ ਬਹੁਤ ਹੀ ਅਜੀਬ ਅਤੇ ਪੀੜਾਦਾਇਕ ਹਾਲਤ ਉਹ ਹੁੰਦੀ ਹੈ, ਜਦੋਂ ਇਨਸਾਨ ਕੋਲ ਸਭ ਕੁਝ ਹੁੰਦਾ ਹੈ—ਚੰਗਾ ਪਰਿਵਾਰ, ਵਧੀਆ ਨੌਕਰੀ, ਘਰ, ਪੈਸਾ—ਪਰ ਫਿਰ ਵੀ ਅੰਦਰੋਂ ਉਹ ਬਿਲਕੁਲ ਖਾਲੀ ਮਹਿਸੂਸ ਕਰਦਾ ਹੈ। ਉਸਨੂੰ ਸਮਝ ਨਹੀਂ ਆਉਂਦੀ ਕਿ ਉਹ ਉਦਾਸ ਕਿਉਂ ਹੈ। ਬਾਹਰੋਂ ਦੇਖਣ ਵਾਲਿਆਂ ਨੂੰ ਲੱਗਦਾ ਹੈ ਕਿ ਇਸਦੀ ਜ਼ਿੰਦਗੀ ਕਿੰਨੀ ਸ਼ਾਨਦਾਰ ਹੈ, ਪਰ ਉਸਦੇ ਅੰਦਰ ਇੱਕ ਅਜਿਹਾ ਸੁੰਨਾਪਨ ਹੁੰਦਾ ਹੈ ਜਿਵੇਂ ਕਿਸੇ ਖ਼ੂਬਸੂਰਤ ਮਹਿਲ ਵਿੱਚ ਕੋਈ ਰਹਿੰਦਾ ਹੀ ਨਾ ਹੋਵੇ। ਇਸ ਹਾਲਤ ਵਿੱਚ ਬੰਦੇ ਦਾ ਮਨ ਕਿਸੇ ਵੀ ਕੰਮ ਵਿੱਚ ਨਹੀਂ ਲੱਗਦਾ, ਜੋ ਚੀਜ਼ਾਂ ਪਹਿਲਾਂ ਖੁਸ਼ੀ ਦਿੰਦੀਆਂ ਸਨ, ਹੁਣ ਉਹ ਵੀ ਬੇਸੁਆਦ ਲੱਗਦੀਆਂ ਹਨ।

ਇਸ ਹਾਲਤ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਇਨਸਾਨ ਆਪਣੇ ਆਪ ਨੂੰ ਹੀ ਦੋਸ਼ੀ ਮੰਨਣ ਲੱਗ ਪੈਂਦਾ ਹੈ। ਉਹ ਸੋਚਦਾ ਹੈ—"ਮੇਰੇ ਕੋਲ ਰੱਬ ਦਾ ਦਿੱਤਾ ਸਭ ਕੁਝ ਹੈ, ਫਿਰ ਵੀ ਮੈਂ ਰੋ ਰਿਹਾ ਹਾਂ, ਮੈਂ ਕਿੰਨਾ ਨਾਸ਼ੁਕਰਾ ਹਾਂ।" ਇਹ ਦੋਸ਼ ਭਾਵਨਾ ਉਸਦੇ ਦੁੱਖ ਨੂੰ ਹੋਰ ਵਧਾ ਦਿੰਦੀ ਹੈ। ਅਸਲ ਵਿੱਚ, ਇਹ ਉਦਾਸੀ ਨਾਸ਼ੁਕਰਾਪਨ ਨਹੀਂ ਹੈ, ਸਗੋਂ ਇਹ ਮਨ ਦੀ ਥਕਾਵਟ ਹੈ। ਜਦੋਂ ਅਸੀਂ ਲੰਬੇ ਸਮੇਂ ਤੱਕ ਆਪਣੀਆਂ ਭਾਵਨਾਵਾਂ ਨੂੰ ਦੱਬਦੇ ਹਾਂ, ਜਾਂ ਬਿਨਾਂ ਰੁਕੇ ਮਸ਼ੀਨਾਂ ਵਾਂਗ ਕੰਮ ਕਰਦੇ ਰਹਿੰਦੇ ਹਾਂ, ਤਾਂ ਸਾਡੀ ਰੂਹ ਥੱਕ ਜਾਂਦੀ ਹੈ। ਜ਼ਿੰਦਗੀ ਦੇ ਰੰਗ ਫਿੱਕੇ ਪੈ ਜਾਂਦੇ ਹਨ ਅਤੇ ਹਰ ਦਿਨ ਇੱਕ ਬੋਝ ਵਾਂਗ ਲੱਗਣ ਲੱਗ ਪੈਂਦਾ ਹੈ। ਅਸੀਂ ਹੱਸਣ ਦੀ ਕੋਸ਼ਿਸ਼ ਤਾਂ ਕਰਦੇ ਹਾਂ, ਪਰ ਉਹ ਹਾਸਾ ਅੱਖਾਂ ਤੱਕ ਨਹੀਂ ਪਹੁੰਚਦਾ।

ਇਹ ਖਾਲੀਪਨ ਦਰਸਾਉਂਦਾ ਹੈ ਕਿ ਅਸੀਂ ਬਾਕੀ ਦੁਨੀਆ ਨਾਲ ਤਾਂ ਜੁੜੇ ਹੋਏ ਹਾਂ, ਪਰ ਆਪਣੇ 'ਆਪ' ਨਾਲੋਂ ਟੁੱਟ ਗਏ ਹਾਂ। ਅਸੀਂ ਸਭ ਨੂੰ ਖੁਸ਼ ਕਰਨ ਦੀ ਦੌੜ ਵਿੱਚ ਇਹ ਭੁੱਲ ਗਏ ਹਾਂ ਕਿ ਸਾਨੂੰ ਅੰਦਰੋਂ ਕਿਹੜੀ ਚੀਜ਼ ਸਕੂਨ ਦਿੰਦੀ ਹੈ। ਅਸੀਂ ਸਰੀਰ ਨੂੰ ਤਾਂ ਰੋਟੀ ਖੁਆ ਰਹੇ ਹਾਂ, ਪਰ ਮਨ ਭੁੱਖਾ ਮਰ ਰਿਹਾ ਹੈ। ਇਸ ਉਦਾਸੀ ਦਾ ਇਲਾਜ ਬਾਜ਼ਾਰ ਵਿੱਚ ਨਹੀਂ ਮਿਲਦਾ, ਸਗੋਂ ਆਪਣੀ ਜ਼ਿੰਦਗੀ ਵਿੱਚ ਛੋਟੇ-ਛੋਟੇ ਬਦਲਾਅ ਕਰਨ ਨਾਲ ਮਿਲਦਾ ਹੈ। ਸਭ ਤੋਂ ਪਹਿਲਾਂ ਇਹ ਮੰਨਣਾ ਸ਼ੁਰੂ ਕਰੋ ਕਿ "ਉਦਾਸ ਹੋਣਾ ਕੋਈ ਗੁਨਾਹ ਨਹੀਂ ਹੈ"। ਜੇ ਬਿਨਾਂ ਵਜ੍ਹਾ ਬੱਦਲ ਆ ਸਕਦੇ ਹਨ, ਤਾਂ ਬਿਨਾਂ ਵਜ੍ਹਾ ਮਨ ਉਦਾਸ ਵੀ ਹੋ ਸਕਦਾ ਹੈ।

ਇਸ ਬੇਰੰਗ ਜ਼ਿੰਦਗੀ ਵਿੱਚ ਰੰਗ ਭਰਨ ਲਈ ਤੁਹਾਨੂੰ ਵਾਪਸ ਕੁਦਰਤ ਅਤੇ ਆਪਣੇ ਸ਼ੌਕਾਂ ਨਾਲ ਜੁੜਨਾ ਪਵੇਗਾ। ਉਹ ਕੰਮ ਕਰੋ ਜਿਸਦਾ ਕੋਈ ਮਕਸਦ ਨਾ ਹੋਵੇ, ਬੱਸ ਖੁਸ਼ੀ ਹੋਵੇ—ਜਿਵੇਂ ਮਿੱਟੀ ਵਿੱਚ ਹੱਥ ਲਿਬੇੜ ਕੇ ਬੂਟੇ ਲਾਉਣੇ, ਪੁਰਾਣੇ ਗੀਤ ਸੁਣਨੇ, ਬੱਚਿਆਂ ਨਾਲ ਖੇਡਣਾ ਜਾਂ ਬਸ ਸ਼ਾਮ ਨੂੰ ਡੁੱਬਦੇ ਸੂਰਜ ਨੂੰ ਦੇਖਣਾ। ਮਸ਼ੀਨ ਬਣਨਾ ਛੱਡੋ ਅਤੇ ਇਨਸਾਨ ਬਣੋ। ਕਿਸੇ ਨਜ਼ਦੀਕੀ ਦੋਸਤ ਨੂੰ ਫੋਨ ਲਾਓ ਅਤੇ ਕਹੋ— "ਮੇਰਾ ਮਨ ਠੀਕ ਨਹੀਂ ਹੈ, ਮੈਂ ਬਸ ਗੱਲ ਕਰਨੀ ਹੈ।" ਆਪਣੇ ਅੰਦਰਲੇ ਗੁਬਾਰ ਨੂੰ ਬਾਹਰ ਕੱਢੋ।

ਯਾਦ ਰੱਖੋ, ਇਹ ਸੁੰਨਾਪਨ ਹਮੇਸ਼ਾ ਲਈ ਨਹੀਂ ਹੈ। ਇਹ ਸਰਦੀਆਂ ਦੀ ਸੰਘਣੀ ਧੁੰਦ ਵਰਗਾ ਹੈ। ਕੁਝ ਸਮਾਂ ਲੱਗ ਸਕਦਾ ਹੈ, ਪਰ ਸੂਰਜ ਜ਼ਰੂਰ ਨਿਕਲੇਗਾ। ਬਸ ਹਿੰਮਤ ਨਾ ਹਾਰਿਓ। ਆਪਣੇ ਆਪ ਨਾਲ ਪਿਆਰ ਕਰੋ, ਕਿਉਂਕਿ ਤੁਸੀਂ ਇਸ ਦੁਨੀਆ ਲਈ ਬਹੁਤ ਕੀਮਤੀ ਹੋ। ਥੋੜ੍ਹਾ ਜਿਹਾ ਠਹਿਰਾਓ, ਥੋੜ੍ਹਾ ਜਿਹਾ ਆਰਾਮ ਅਤੇ ਥੋੜ੍ਹੀ ਜਿਹੀ ਆਪਣੇ ਆਪ ਨਾਲ ਗੱਲਬਾਤ—ਇਹੀ ਤੁਹਾਡੀ ਰੂਹ ਦੀ ਖੁਰਾਕ ਹੈ।

ਸਨਦੀਪ ਸਿੱਧੂ - 9463661542

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਮੱਧ ਪ੍ਰਦੇਸ਼ 'ਚ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਬੱਚੀ ਦੀ ਦਸਤਾਰ ਤੇ ਕਿਰਪਾਨ ਲੁਹਾਉਣਾ ਮੰਦਭਾਗਾ- ਐਡਵੋਕੇਟ ਧਾਮੀ



ਅੰਮ੍ਰਿਤਸਰ, 2 ਮਾਰਚ 2026

ਮੱਧ ਪ੍ਰਦੇਸ਼ ਦੇ ਰਤਲਾਮ ਵਿਖੇ ਬੀਤੇ ਕੱਲ੍ਹ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਗਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖ ਪ੍ਰੀਖਿਆਰਥੀ ਬੱਚੀ ਦੀ ਦਸਤਾਰ ਅਤੇ ਕਿਰਪਾਨ ਲੁਹਾਉਣ ਦੇ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਰਵਾਇਤਾਂ ਤੋਂ ਸਾਰੇ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣੂ ਹਨ ਅਤੇ ਸਿੱਖ ਕਕਾਰਾਂ ਤੋਂ ਵੀ ਲੋਕਾਂ ਨੂੰ ਕਿਸੇ ਕਿਸਮ ਦੀ ਅਗਿਆਨਤਾ ਨਹੀਂ ਹੈ। ਪ੍ਰੰਤੂ ਇਸ ਦੇ ਬਾਵਜੂਦ ਵੀ ਕਕਾਰਾਂ 'ਤੇ ਸਵਾਲ ਚੁੱਕਣੇ ਦੁਖਦਾਈ ਹਨ। ਬਾਰ-ਬਾਰ ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿਚ ਕਕਾਰ ਪਹਿਨਣ ਤੋਂ ਰੋਕਣਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਅਤੇ ਸਿੱਖਾਂ ਨੂੰ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਕਰਾਉਣ ਵਾਂਗ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਿ ਪ੍ਰੀਖਿਆ ਸਟਾਫ਼ ਵੱਲੋਂ ਮੁਆਫ਼ੀ ਮੰਗ ਲਈ ਗਈ ਹੈ, ਪ੍ਰੰਤੂ ਅਜਿਹਾ ਵਾਪਰਨ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੀਆਂ ਘਟਨਾਵਾਂ ਪ੍ਰਤੀ ਆਪਣੇ ਜਨਰਲ ਇਜਲਾਸ ਦੌਰਾਨ ਵਿਸ਼ੇਸ਼ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਂਦੇ ਹਨ, ਜਿਸ 'ਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਹਰ ਸੂਬੇ ਦੀ ਸਰਕਾਰ ਨੂੰ ਸਿੱਖਾਂ ਦੇ ਕਕਾਰਾਂ ਅਤੇ ਧਾਰਮਿਕ ਚਿੰਨ੍ਹਾਂ ਬਾਰੇ ਇਹ ਆਦੇਸ਼ ਜਾਰੀ ਕਰੇ ਕਿ ਕਿਸੇ ਵੀ ਪ੍ਰੀਖਿਆ ਦੌਰਾਨ ਸਿੱਖ ਕਕਾਰਾਂ ਦਾ ਸਨਮਾਨ ਬਹਾਲ ਰੱਖਿਆ ਜਾਵੇ ਅਤੇ ਜੇ ਕੋਈ ਇਸ ਦੀ ਉਲੰਘਣਾ ਕਰੇ ਤਾਂ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

## ਸ੍ਰੀ ਜਵਾਲਾਮੁਖੀ ਮੰਦਰ ਚ ਵਿਸ਼ਵ ਕਲਿਆਣ ਮਹਾਂਯੱਗ 12 ਤੋਂ ਸ਼ੁਰੂ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 2 ਮਾਰਚ

ਸ੍ਰੀ ਜਵਾਲਾਮੁਖੀ ਮੰਦਰ ਗਲੀ ਪੱਪੂ ਭਗਤ ਜੀ ਵਾਲੀ ਚੌਂਕ ਗੁਰੂ ਕਾ ਖੂਹ ਵਿਖੇ ਜੱਗ ਕਲਿਆਣ, ਸਰਬਤ ਦੇ ਭਲੇ ਅਤੇ ਸੁੱਖ ਸ਼ਾਂਤੀ ਲਈ ਹਰ ਸਾਲ ਦੀ ਤਰਾਂ ਇਸ ਵਾਰ ਵੀ ਵਿਸ਼ਵ ਕਲਿਆਣ ਮਹਾਂਯੱਗ ਲਗਾਤਾਰ ਤਿੰਨ ਦਿਨ 12, 13 ਅਤੇ 14 ਮਾਰਚ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਦਰ ਦੇ ਸੰਚਾਲਕ ਸ੍ਰੀ ਪੱਪੂ ਜੀ ਭਗਤ ਜੀ ਨੇ ਦੱਸਿਆ ਕਿ ਇਹ ਮਹਾਂਯੱਗ ਹਰ ਸਾਲ ਸ਼ਹਿਰ ਵਾਸੀਆਂ ਅਤੇ ਮੰਦਰ ਦੀ ਸਮੂਹ ਸੰਗਤ ਵੱਲੋਂ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਮਹਾਂਯੱਗ ਤਿੰਨ ਦਿਨ ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਤੱਕ ਚੱਲੇਗਾ। ਭਗਤ ਜੀ ਨੇ ਦੱਸਿਆ ਕਿ ਇਸ ਮਹਾਂਯੱਗ ਵਿਚ 311 ਅਖੰਡ ਜੋਤਾਂ ਜਗਾਈਆ ਜਾਣਗੀਆਂ ਤੇ ਹਰ ਰੋਜ਼ ਸਵੇਰੇ 11 ਵਜੇ ਹਵਨ ਕੀਤਾ ਜਾਵੇਗਾ ਅਤੇ ਸ਼ਾਮ 4 ਵਜੇ ਸ੍ਰੀ ਦੁਰਗਾ ਸਤੁਤੀ ਦੇ ਪਾਠ ਕੀਤੇ ਜਾਣਗੇ ਅਤੇ ਰਾਤ ਨੂੰ 9 ਤੋਂ 11 ਵਜੇ ਤੱਕ ਸਤਿਸੰਗ ਕੀਤਾ ਜਾਵੇਗਾ। ਜਿਸ ਵਿੱਚ ਸ਼ਹਿਰ ਦੀਆਂ ਭਜਨ ਮੰਡਲੀਆਂ ਅਤੇ ਜੈ ਮਾਂ ਜਾਗਰਣ ਗਰੁੱਪ ਦੇ ਵਿਜੇ ਅਰੋੜਾ ਵੱਲੋਂ ਭਜਨਾਂ ਦਾ ਗੁਣਗਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਤੀਸਰੇ ਦਿਨ ਭੋਗ ਪਾਈਆਂ ਜਾਵੇਗਾ ਜਿਸ ਵਿਚ 56 ਪ੍ਰਕਾਰ ਦੇ ਬਣੇ ਭੋਜਨਾਂ ਦਾ ਭੋਗ ਲਗਾਇਆ ਜਾਵੇਗਾ ਤੇ ਆਰਤੀ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਲੰਗਰ ਭੰਡਾਰਾ ਅਟੁੱਟ ਵਰਤਾਇਆ ਜਾਵੇਗਾ। ਉਨ੍ਹਾਂ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਹਾਂਯੱਗ ਵਿਚ ਪਹੁੰਚ ਕੇ ਮਾਤਾ ਰਾਣੀ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਉਹਨਾਂ ਨਾਲ ਪੰਡਿਤ ਰਵਿਕਾਂਤ, ਹਰੀਸ਼ ਕੁਮਾਰ ਅਗਨੀਹੋਤਰੀ, ਮੋਤੀ ਆਈਸਕ੍ਰੀਮ ਵਾਲੇ, ਵਿਨੋਦ ਕੁਮਾਰ ਚੋਪੜਾ, ਭੋਲਾ ਜੀ, ਅਸ਼ਵਨੀ ਕੁਮਾਰ, ਡਾ: ਰਮਨ ਗੁਪਤਾ, ਵਿਵੇਕ ਗੁਪਤਾ ਬੌਬੀ, ਸ਼ੁਭਮ ਗੁਪਤਾ, ਮੋਹਿਤ ਗੁਪਤਾ, ਪੱਪੂ ਵੱਲਾ, ਸੋਨੂ ਬਨਾਰਸੀ ਦਾਸ, ਗੁਲਸ਼ਨ ਕੁਮਾਰ, ਜੀਤੇ ਸ਼ਾਹ, ਕੇਸ਼ਵ, ਲੱਡੂ, ਚਿੰਟੂ, ਰਾਮ ਸ਼ਰਮਾ, ਚੇਤਨ ਸ਼ਰਮਾ, ਦੀਪਕ ਸ਼ਰਮਾ ਦੀਪੂ, ਅਸ਼ਵਨੀ ਗੁਪਤਾ ਆਦਿ ਹਾਜ਼ਰ ਸਨ।

## ਚੰਡੀਗੜ੍ਹ ਵਿੱਚ ਇੱਕ ਵਾਰ ਫਿਰ ਬੰਬ ਦੀ ਧਮਕੀ ਨਾਲ ਹੜਕੰਪ ਮਚ ਗਿਆ ਹੈ



ਚੰਡੀਗੜ੍ਹ ਵਿੱਚ ਇੱਕ ਵਾਰ ਫਿਰ ਬੰਬ ਦੀ ਧਮਕੀ ਨਾਲ ਹੜਕੰਪ ਮਚ ਗਿਆ ਹੈ। ਅੱਜ ਸਵੇਰੇ ਇੱਕ ਅਣਪਛਾਤੀ ਈਮੇਲ ਰਾਹੀਂ ਚੰਡੀਗੜ੍ਹ ਦੇ ਮੁੱਖ ਪਾਸਪੋਰਟ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਇਸ ਈਮੇਲ ਵਿੱਚ ਸ਼ਹਿਰ ਦੇ ਕਈ ਅਹਿਮ ਸਰਕਾਰੀ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਸੀ। ਧਮਕੀ ਮਿਲਣ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਤੁਰੰਤ ਅਲਰਟ ਕਰ ਦਿੱਤਾ ਗਿਆ।

ਧਮਕੀ ਵਾਲੀ ਈਮੇਲ ਵਿੱਚ ਖਾਸ ਤੌਰ 'ਤੇ ਸੈਕਟਰ 17 ਦੇ ਬੱਸ ਸਟੈਂਡ, ਸੈਕਟਰ 34 ਵਿੱਚ ਸਥਿਤ ਪਾਸਪੋਰਟ ਸੇਵਾ ਕੇਂਦਰ ਅਤੇ ਇੰਡਸਟਰੀਅਲ ਏਰੀਆ ਵਿੱਚ ਮੁੱਖ ਪਾਸਪੋਰਟ ਦਫ਼ਤਰ ਨੂੰ ਬੰਬ ਨਾਲ ਉਡਾਉਣ ਦਾ ਦਾਅਵਾ ਕੀਤਾ ਗਿਆ ਸੀ। ਸੂਚਨਾ ਮਿਲਦੇ ਹੀ ਬੰਬ ਸਕੁਐਡ, ਫੋਰੈਂਸਿਕ ਟੀਮਾਂ ਅਤੇ ਸਥਾਨਕ ਪੁਲਿਸ ਮੌਕੇ 'ਤੇ ਪਹੁੰਚ ਗਈ। ਪੁਲਿਸ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਵਿਸਥਾਰਤ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ।

ਸਾਵਧਾਨੀ ਵਜੋਂ ਪੁਲਿਸ ਨੇ ਬੱਸ ਸਟੈਂਡ ਅਤੇ ਪਾਸਪੋਰਟ ਦਫ਼ਤਰ ਦੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਖਾਲੀ ਕਰਵਾ ਲਿਆ। ਡੌਗ ਸਕੁਐਡ ਅਤੇ ਬੰਬ ਨਿਰਪੱਖ ਟੀਮਾਂ ਨੇ ਘੰਟਿਆਂਬੱਧੀ ਜਾਂਚ ਕੀਤੀ ਅਤੇ ਸ਼ੱਕੀ ਵਸਤੂਆਂ ਦੀ ਭਾਲ ਕੀਤੀ। ਫੋਰੈਂਸਿਕ ਟੀਮਾਂ ਨੇ ਈਮੇਲ ਦੇ ਸਰੋਤ ਅਤੇ ਭੇਜਣ ਵਾਲੇ ਦੀ ਪਛਾਣ ਲਈ ਤਕਨੀਕੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ।

ਮੌਜੂਦਾ ਜਾਂਚ ਮੁਤਾਬਕ ਅਜੇ ਤੱਕ ਕਿਤੇ ਵੀ ਕੋਈ ਵਿਸਫੋਟਕ ਜਾਂ ਸ਼ੱਕੀ ਸਮੱਗਰੀ ਨਹੀਂ ਮਿਲੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸਥਿਤੀ ਪੂਰੀ ਤਰ੍ਹਾਂ ਕਾਬੂ ਵਿੱਚ ਹੈ ਪਰ ਸੁਰੱਖਿਆ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਹੈ।



ਪਾਕਿਸਤਾਨ ਕ੍ਰਿਕਟ ਬੋਰਡ (PCB) ਨੇ ਟੀ-20 ਵਿਸ਼ਵ ਕੱਪ 2026 ਵਿੱਚ

## ਖਰਾਬ ਪ੍ਰਦਰਸ਼ਨ ਕਾਰਨ ਟੀਮ ਦੇ ਖਿਡਾਰੀਆਂ ਉੱਤੇ ਵੱਡਾ ਜੁਰਮਾਨਾ ਲਗਾਇਆ ਹੈ

ਪਾਕਿਸਤਾਨ ਕ੍ਰਿਕਟ ਬੋਰਡ (PCB) ਨੇ ਟੀ-20 ਵਿਸ਼ਵ ਕੱਪ 2026 ਵਿੱਚ ਖਰਾਬ ਪ੍ਰਦਰਸ਼ਨ ਕਾਰਨ ਟੀਮ ਦੇ ਖਿਡਾਰੀਆਂ ਉੱਤੇ ਵੱਡਾ ਜੁਰਮਾਨਾ ਲਗਾਇਆ ਹੈ। ਇਹ ਖ਼ਬਰ ਹੋਰ ਮੀਡੀਆ ਸਰੋਤਾਂ ਵਿੱਚ ਛਪੀ ਹੈ। ਪਾਕਿਸਤਾਨੀ ਟੀਮ ਨੇ ਇਸ ਵਾਰ ਵਿਸ਼ਵ ਕੱਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਹੀਂ ਕੀਤਾ ਅਤੇ ਸੁਪਰ-8 ਸਟੇਜ ਤੋਂ ਬਾਹਰ ਹੋ ਗਈ। ਖਾਸ ਤੌਰ 'ਤੇ ਭਾਰਤ ਨਾਲ ਮੈਚ ਵਿੱਚ 61 ਰਨਾਂ ਨਾਲ ਹਾਰ ਅਤੇ ਇੰਗਲੈਂਡ ਤੋਂ ਹਾਰ ਨੇ ਟੀਮ ਨੂੰ ਸੈਮੀਫਾਈਨਲ ਵਿੱਚ ਪਹੁੰਚਣ ਤੋਂ ਰੋਕ ਦਿੱਤਾ। ਸ੍ਰੀਲੰਕਾ ਖਿਲਾਫ਼ ਇੱਕ ਨੇੜਲੀ ਜਿੱਤ ਮਿਲੀ ਪਰ ਨੈੱਟ ਰਨ ਰੇਟ ਕਾਰਨ ਨਿਊਜ਼ੀਲੈਂਡ ਤੋਂ ਪਿੱਛੇ ਰਹਿ ਗਏ। ਇਹ ਚੌਥੀ ਵਾਰ ਸੀ ਜਦੋਂ ਪਾਕਿਸਤਾਨ ਕਿਸੇ ਵੱਡੇ ICC ਈਵੈਂਟ ਵਿੱਚ ਆਖਰੀ ਚਾਰ ਵਿੱਚ ਨਹੀਂ ਪਹੁੰਚ ਸਕਿਆ।

ਰਿਪੋਰਟਾਂ ਮੁਤਾਬਕ, ਪਾਕਿਸਤਾਨ ਕ੍ਰਿਕਟ ਬੋਰਡ ਨੇ ਹਰ ਖਿਡਾਰੀ ਉੱਤੇ 50 ਲੱਖ ਪਾਕਿਸਤਾਨੀ ਰੁਪਏ (ਲਗਭਗ 16 ਲੱਖ ਭਾਰਤੀ ਰੁਪਏ) ਦਾ ਜੁਰਮਾਨਾ ਲਗਾਇਆ ਹੈ। ਇਹ ਫੈਸਲਾ ਭਾਰਤ ਨਾਲ ਹਾਰ ਤੋਂ ਤੁਰੰਤ ਬਾਅਦ ਲਿਆ ਗਿਆ ਸੀ ਪਰ ਟੂਰਨਾਮੈਂਟ ਤੋਂ ਬਾਹਰ ਹੋਣ ਤੋਂ ਬਾਅਦ ਲਾਗੂ ਕੀਤਾ ਗਿਆ। ਐਕਸਪ੍ਰੈੱਸ ਟ੍ਰਿਬਿਊਨ ਵਰਗੇ ਅਖ਼ਬਾਰਾਂ ਨੇ ਇਸ ਨੂੰ ਰਿਪੋਰਟ ਕੀਤਾ ਹੈ ਕਿ ਬੋਰਡ ਅਧਿਕਾਰੀ ਟੀਮ ਦੇ ਪ੍ਰਦਰਸ਼ਨ ਤੋਂ ਬਹੁਤ ਨਾਰਾਜ਼ ਸਨ। ਉਨ੍ਹਾਂ ਨੇ ਕਿਹਾ ਕਿ ਚੰਗੇ ਪ੍ਰਦਰਸ਼ਨ ਲਈ ਇਨਾਮ ਮਿਲਦੇ ਹਨ ਤਾਂ ਖਰਾਬ ਪ੍ਰਦਰਸ਼ਨ ਲਈ ਸਜ਼ਾ ਵੀ ਮਿਲਣੀ ਚਾਹੀਦੀ ਹੈ। ਇਹ ਜੁਰਮਾਨਾ ਖਿਡਾਰੀਆਂ ਦੀ ਸੈਲਰੀ ਜਾਂ ਮੈਚ ਫੀਸ ਤੋਂ ਕੱਟਿਆ ਜਾਵੇਗਾ।

ਟੀਮ ਦੇ ਕਪਤਾਨ ਸਲਮਾਨ ਅਲੀ ਅਗਾ, ਬਾਬਰ ਆਜ਼ਮ, ਸ਼ਾਹੀਨ ਸ਼ਾਹ ਅਫਰੀਦੀ, ਸ਼ਾਦਾਬ ਖਾਨ ਅਤੇ ਮੁਹੰਮਦ ਨਵਾਜ਼ ਵਰਗੇ ਸੀਨੀਅਰ ਖਿਡਾਰੀ ਵਿਸ਼ੇਸ਼ ਤੌਰ 'ਤੇ ਨਿਸ਼ਾਨੇ 'ਤੇ ਹਨ। ਬਾਬਰ ਆਜ਼ਮ ਵਰਗੇ ਸਟਾਰ ਖਿਡਾਰੀ ਵਿਸ਼ਵ ਕੱਪ ਵਿੱਚ ਚੰਗਾ ਨਹੀਂ ਖੇਡ ਸਕੇ। ਇਸ ਕਾਰਨ ਟੀਮ ਦੇ ਮੁੱਖ ਖਿਡਾਰੀਆਂ ਨੂੰ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਸਲਮਾਨ ਅਲੀ ਅਗਾ ਕਪਤਾਨੀ ਛੱਡ ਸਕਦਾ ਹੈ ਅਤੇ ਟੀਮ ਵਿੱਚ ਵੱਡੇ ਬਦਲਾਅ ਹੋ ਸਕਦੇ ਹਨ। ਪਹਿਲਾਂ ਵੀ PCB ਨੇ ਮੈਚ ਫੀਸਾਂ ਵਿੱਚ ਕਟੌਤੀ ਕੀਤੀ ਸੀ, ਜਿਸ ਨਾਲ ਖਿਡਾਰੀਆਂ ਉੱਤੇ ਪਹਿਲਾਂ ਹੀ ਦਬਾਅ ਸੀ।

ਟੀਮ ਦੇ ਕਪਤਾਨ ਸਲਮਾਨ ਅਲੀ ਅਗਾ, ਬਾਬਰ ਆਜ਼ਮ, ਸ਼ਾਹੀਨ ਸ਼ਾਹ ਅਫਰੀਦੀ, ਸ਼ਾਦਾਬ ਖਾਨ ਅਤੇ ਮੁਹੰਮਦ ਨਵਾਜ਼ ਵਰਗੇ ਸੀਨੀਅਰ ਖਿਡਾਰੀ ਵਿਸ਼ੇਸ਼ ਤੌਰ 'ਤੇ ਨਿਸ਼ਾਨੇ 'ਤੇ ਹਨ। ਬਾਬਰ ਆਜ਼ਮ ਵਰਗੇ ਸਟਾਰ ਖਿਡਾਰੀ ਵਿਸ਼ਵ ਕੱਪ ਵਿੱਚ ਚੰਗਾ ਨਹੀਂ ਖੇਡ ਸਕੇ। ਇਸ ਕਾਰਨ ਟੀਮ ਦੇ ਮੁੱਖ ਖਿਡਾਰੀਆਂ ਨੂੰ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਸਲਮਾਨ ਅਲੀ ਅਗਾ ਕਪਤਾਨੀ ਛੱਡ ਸਕਦਾ ਹੈ ਅਤੇ ਟੀਮ ਵਿੱਚ ਵੱਡੇ ਬਦਲਾਅ ਹੋ ਸਕਦੇ ਹਨ। ਪਹਿਲਾਂ ਵੀ PCB ਨੇ ਮੈਚ ਫੀਸਾਂ ਵਿੱਚ ਕਟੌਤੀ ਕੀਤੀ ਸੀ, ਜਿਸ ਨਾਲ ਖਿਡਾਰੀਆਂ ਉੱਤੇ ਪਹਿਲਾਂ ਹੀ ਦਬਾਅ ਸੀ।

ਇਹ ਫੈਸਲਾ ਕ੍ਰਿਕਟ ਦੇ ਇਤਿਹਾਸ ਵਿੱਚ ਬਹੁਤ ਵੱਡਾ ਅਤੇ ਅਸਾਧਾਰਨ ਮੰਨਿਆ ਜਾ ਰਿਹਾ ਹੈ। ਆਮ ਤੌਰ 'ਤੇ ਟੀਮਾਂ ਵਿੱਚ ਪ੍ਰਦਰਸ਼ਨ ਲਈ ਇਨਾਮ ਦਿੱਤੇ ਜਾਂਦੇ ਹਨ ਪਰ ਇੰਨੇ ਵੱਡੇ ਜੁਰਮਾਨੇ ਘੱਟ ਹੀ ਵੇਖੇ ਜਾਂਦੇ ਹਨ। PCB ਦਾ ਕਹਿਣਾ ਹੈ ਕਿ ਹੁਣ ਤੋਂ ਪ੍ਰਦਰਸ਼ਨ ਨਾਲ ਹੀ ਖਿਡਾਰੀਆਂ ਦੀ ਕਮਾਈ ਜੁੜੇਗੀ। ਇਸ ਨਾਲ ਖਿਡਾਰੀਆਂ ਵਿੱਚ ਨਵੀਂ ਜ਼ਿੰਮੇਵਾਰੀ ਅਤੇ ਦਬਾਅ ਵਧੇਗਾ। ਪਾਕਿਸਤਾਨੀ ਫੈਨਸ ਵੀ ਨਾਰਾਜ਼ ਹਨ ਕਿਉਂਕਿ ਟੀਮ ਨੇ ਲਗਾਤਾਰ ਚੰਗਾ ਪ੍ਰਦਰਸ਼ਨ ਨਹੀਂ ਦਿਖਾਇਆ। ਭਾਰਤ ਨਾਲ ਹਾਰ ਨੇ ਫੈਨਸ ਨੂੰ ਹੋਰ ਨਿਰਾਸ਼ ਕੀਤਾ।

ਇਸ ਜੁਰਮਾਨੇ ਨਾਲ ਟੀਮ ਦੇ ਭਵਿੱਖ ਬਾਰੇ ਵੀ ਚਰਚਾ ਚੱਲ ਰਹੀ ਹੈ। ਕੁਝ ਲੋਕ ਮੰਨਦੇ ਹਨ ਕਿ ਇਹ ਸਖ਼ਤ ਕਦਮ ਟੀਮ ਨੂੰ ਬਿਹਤਰ ਬਣਾਏਗਾ ਜਦਕਿ ਕੁਝ ਕਹਿ ਰਹੇ ਹਨ ਕਿ ਇਹ ਖਿਡਾਰੀਆਂ ਦਾ ਮਨੋਬਲ ਤੋੜ ਸਕਦਾ ਹੈ। ਬੋਰਡ ਨੇ ਇਸ ਨੂੰ ਨਵੀਂ ਜ਼ਿੰਮੇਵਾਰੀ ਵਾਲੀ ਪਾਲਿਸੀ ਵਜੋਂ ਪੇਸ਼ ਕੀਤਾ ਹੈ। ਪਾਕਿਸਤਾਨ ਕ੍ਰਿਕਟ ਨੂੰ ਹੁਣ ਵੱਡੇ ਬਦਲਾਅ ਦੀ ਲੋੜ ਹੈ ਤਾਂ ਜੋ ਅਗਲੇ ਟੂਰਨਾਮੈਂਟ ਵਿੱਚ ਚੰਗਾ ਪ੍ਰਦਰਸ਼ਨ ਕਰ ਸਕੇ। ਖਿਡਾਰੀਆਂ ਨੂੰ ਆਪਣੀ ਫਾਰਮ ਵਾਪਸ ਲਿਆਉਣੀ ਪਵੇਗੀ ਅਤੇ ਟੀਮ ਵਿੱਚ ਨਵੀਂ ਉਰਜਾ ਲਿਆਉਣੀ ਪਵੇਗੀ।ਰਿਪੋਰਟਾਂ ਮੁਤਾਬਕ, ਪਾਕਿਸਤਾਨ ਕ੍ਰਿਕਟ ਬੋਰਡ ਨੇ ਹਰ ਖਿਡਾਰੀ ਉੱਤੇ 50 ਲੱਖ ਪਾਕਿਸਤਾਨੀ ਰੁਪਏ (ਲਗਭਗ 16 ਲੱਖ ਭਾਰਤੀ ਰੁਪਏ) ਦਾ ਜੁਰਮਾਨਾ ਲਗਾਇਆ ਹੈ। ਇਹ ਫੈਸਲਾ ਭਾਰਤ ਨਾਲ ਹਾਰ ਤੋਂ ਤੁਰੰਤ ਬਾਅਦ ਲਿਆ ਗਿਆ ਸੀ ਪਰ ਟੂਰਨਾਮੈਂਟ ਤੋਂ ਬਾਹਰ ਹੋਣ ਤੋਂ ਬਾਅਦ ਲਾਗੂ ਕੀਤਾ ਗਿਆ। ਐਕਸਪ੍ਰੈੱਸ ਟ੍ਰਿਬਿਊਨ ਵਰਗੇ ਅਖ਼ਬਾਰਾਂ ਨੇ ਇਸ ਨੂੰ ਰਿਪੋਰਟ ਕੀਤਾ ਹੈ ਕਿ ਬੋਰਡ ਅਧਿਕਾਰੀ ਟੀਮ ਦੇ ਪ੍ਰਦਰਸ਼ਨ ਤੋਂ ਬਹੁਤ ਨਾਰਾਜ਼ ਸਨ। ਉਨ੍ਹਾਂ ਨੇ ਕਿਹਾ ਕਿ ਚੰਗੇ ਪ੍ਰਦਰਸ਼ਨ ਲਈ ਇਨਾਮ ਮਿਲਦੇ ਹਨ ਤਾਂ ਖਰਾਬ ਪ੍ਰਦਰਸ਼ਨ ਲਈ ਸਜ਼ਾ ਵੀ ਮਿਲਣੀ ਚਾਹੀਦੀ ਹੈ। ਇਹ ਜੁਰਮਾਨਾ ਖਿਡਾਰੀਆਂ ਦੀ ਸੈਲਰੀ ਜਾਂ ਮੈਚ ਫੀਸ ਤੋਂ ਕੱਟਿਆ ਜਾਵੇਗਾ।

**War News** ਓਮਾਨ ਦੀ ਖਾੜੀ ਵਿੱਚ ਤੇਲ ਟੈਂਕਰ 'ਤੇ ਹਮਲੇ ਵਿੱਚ ਇੱਕ ਭਾਰਤੀ ਮਲਾਹ ਦੀ ਮੌਤ ਹੋ ਗਈ ਹੈ

## ਓਮਾਨ ਦੀ ਸਰਕਾਰੀ ਨਿਊਜ਼ ਏਜੰਸੀ ਅਨੁਸਾਰ, ਮਾਰਸ਼ਲ ਆਈਲੈਂਡਜ਼ ਦੇ ਝੰਡੇ ਵਾਲੇ ਤੇਲ ਟੈਂਕਰ 'MKD VYOM' ਨੂੰ ਬੰਬ ਨਾਲ ਭਰੀ ਇੱਕ ਡਰੋਨ ਕਿਸ਼ਤੀ (ਅਨਮੈਨਡ ਬੋਟ) ਨੇ ਟੱਕਰ ਮਾਰੀ

ਓਮਾਨ ਦੀ ਖਾੜੀ ਵਿੱਚ ਤੇਲ ਟੈਂਕਰ 'ਤੇ ਹਮਲੇ ਵਿੱਚ ਇੱਕ ਭਾਰਤੀ ਮਲਾਹ ਦੀ ਮੌਤ ਹੋ ਗਈ ਹੈ। ਇਹ ਘਟਨਾ 2 ਮਾਰਚ 2026 ਨੂੰ ਵਾਪਰੀ, ਜੋ ਮੱਧ ਪੂਰਬ ਵਿੱਚ ਚੱਲ ਰਹੀ ਤਣਾਅ ਵਾਲੀ ਸਥਿਤੀ ਦਾ ਹਿੱਸਾ ਲੱਗਦੀ ਹੈ। ਓਮਾਨ ਦੀ ਸਰਕਾਰੀ ਨਿਊਜ਼ ਏਜੰਸੀ ਅਨੁਸਾਰ, ਮਾਰਸ਼ਲ ਆਈਲੈਂਡਜ਼ ਦੇ ਝੰਡੇ ਵਾਲੇ ਤੇਲ ਟੈਂਕਰ 'MKD VYOM' ਨੂੰ ਬੰਬ ਨਾਲ ਭਰੀ ਇੱਕ ਡਰੋਨ ਕਿਸ਼ਤੀ (ਅਨਮੈਨਡ ਬੋਟ) ਨੇ ਟੱਕਰ ਮਾਰੀ। ਇਹ ਹਮਲਾ ਮਸਕਟ ਦੇ ਤੱਟ ਤੋਂ ਲਗਭਗ 52 ਨੌਟੀਕਲ ਮੀਲ ਦੂਰ ਓਮਾਨ ਦੀ ਖਾੜੀ ਵਿੱਚ ਹੋਇਆ।

ਟੈਂਕਰ ਵਿੱਚ ਲਗਭਗ 59,463 ਮੀਟ੍ਰਿਕ ਟਨ ਕਾਰਗੋ ਸੀ ਅਤੇ ਇਸ ਵਿੱਚ ਕੁੱਲ 21 ਮੈਂਬਰਾਂ ਦਾ ਚਾਲਕ ਦਲ ਸੀ। ਇਸ ਵਿੱਚ 16 ਭਾਰਤੀ, 4 ਬੰਗਲਾਦੇਸ਼ੀ ਅਤੇ 1 ਯੂਕਰੇਨੀ ਨਾਗਰਿਕ ਸ਼ਾਮਲ ਸਨ। ਹਮਲੇ ਨਾਲ ਜਹਾਜ਼ ਦੇ ਮੁੱਖ ਇੰਜਣ ਰੂਮ ਵਿੱਚ ਧਮਾਕਾ ਅਤੇ ਅੱਗ ਲੱਗ ਗਈ, ਜਿਸ ਕਾਰਨ ਇੱਕ ਭਾਰਤੀ ਮਲਾਹ ਦੀ ਮੌਤ ਹੋ ਗਈ। ਬਾਕੀ ਚਾਲਕ ਦਲ ਨੂੰ ਪਨਾਮਾ ਦੇ ਝੰਡੇ ਵਾਲੇ ਜਹਾਜ਼ 'MV SAND' ਦੀ ਮਦਦ ਨਾਲ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਓਮਾਨ ਦੀ ਰਾਇਲ ਨੇਵੀ ਦਾ ਇੱਕ ਜਹਾਜ਼ ਹੁਣ ਟੈਂਕਰ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਇਸ ਖੇਤਰ ਵਿੱਚੋਂ ਲੰਘਣ ਵਾਲੇ ਜਹਾਜ਼ਾਂ ਨੂੰ ਚੇਤਾਵਨੀ ਜਾਰੀ ਕੀਤੀ ਜਾ ਰਹੀ ਹੈ।

ਇਹ ਹਮਲਾ ਇੱਕ ਅਜਿਹੇ ਸਮੇਂ ਵਾਪਰਿਆ ਹੈ ਜਦੋਂ ਇਰਾਨ ਅਤੇ ਅਮਰੀਕਾ-ਇਜ਼ਰਾਈਲ ਵਿਚਕਾਰ ਤਣਾਅ ਬਹੁਤ ਵੱਧ ਗਿਆ ਹੈ। ਇਜ਼ਰਾਈਲ ਅਤੇ ਅਮਰੀਕਾ ਵੱਲੋਂ ਇਰਾਨ ਵਿਰੁੱਧ ਵੱਡੀ ਹਵਾਈ ਮੁਹਿੰਮ ਚਲਾਏ ਜਾਣ ਤੋਂ ਬਾਅਦ ਇਰਾਨ ਨੇ ਹੋਰਮੁਜ਼ ਜਲਡਮਰੂਮ ਦੇ ਨੇੜੇ ਆਉਣ ਵਾਲੇ ਜਹਾਜ਼ਾਂ ਨੂੰ ਧਮਕੀਆਂ ਦਿੱਤੀਆਂ ਸਨ। ਇਸ ਖੇਤਰ ਵਿੱਚ ਪਹਿਲਾਂ ਵੀ ਕਈ ਹਮਲੇ ਹੋ ਚੁੱਕੇ ਹਨ, ਪਰ ਇਹ ਪਹਿਲੀ ਵਾਰ ਹੈ ਜਦੋਂ ਇਸ ਤਰ੍ਹਾਂ ਦੇ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਜਾਨ ਗਈ ਹੈ। ਇਸ ਨੂੰ ਅਮਰੀਕਾ-ਇਰਾਨ ਸੰਘਰਸ਼ ਵਿੱਚ ਭਾਰਤ ਦਾ ਪਹਿਲਾ ਨੁਕਸਾਨ ਵੀ ਮੰਨਿਆ ਜਾ ਰਿਹਾ ਹੈ।

ਟੈਂਕਰ ਦੇ ਮੈਨੇਜਰ V.Ships ਨੇ ਬਿਆਨ ਜਾਰੀ ਕਰਕੇ ਦੱਸਿਆ ਕਿ ਜਹਾਜ਼ ਨੂੰ ਸ਼ੱਕੀ ਪ੍ਰੋਜੈਕਟਾਈਲ ਨਾਲ ਨਿਸ਼ਾਨਾ ਬਣਾਇਆ ਗਿਆ ਅਤੇ ਇੰਜਣ ਰੂਮ ਵਿੱਚ ਮੌਜੂਦ ਮਲਾਹ ਦੀ ਮੌਤ ਹੋ ਗਈ। ਇਹ ਘਟਨਾ ਸਮੁੰਦਰੀ ਸੁਰੱਖਿਆ ਲਈ ਵੱਡੀ ਚੁਣੌਤੀ ਬਣ ਗਈ ਹੈ। ਓਮਾਨ ਦੇ ਮਰੀਨ ਸਕਿਓਰਿਟੀ ਸੈਂਟਰ ਨੇ ਤੁਰੰਤ ਕਾਰਵਾਈ ਕਰਕੇ ਚਾਲਕ ਦਲ ਨੂੰ ਬਚਾਇਆ ਅਤੇ ਖੇਤਰ ਵਿੱਚ ਸੁਰੱਖਿਆ ਵਧਾ ਦਿੱਤੀ।

ਭਾਰਤੀ ਸਮੁੰਦਰੀ ਕਰਮਚਾਰੀਆਂ ਲਈ ਇਹ ਖੇਤਰ ਪਹਿਲਾਂ ਹੀ ਜੋਖਮ ਭਰਿਆ ਹੈ। ਹਜ਼ਾਰਾਂ ਭਾਰਤੀ ਮਲਾਹ ਵਿਦੇਸ਼ੀ ਜਹਾਜ਼ਾਂ 'ਤੇ ਕੰਮ ਕਰਦੇ ਹਨ ਅਤੇ ਅਜਿਹੇ ਹਮਲਿਆਂ ਨਾਲ ਉਨ੍ਹਾਂ ਦੀ ਜਾਨ ਨੂੰ ਖਤਰਾ ਵਧ ਜਾਂਦਾ ਹੈ। ਇਸ ਘਟਨਾ ਨੇ ਵਿਸ਼ਵ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਮੱਧ ਪੂਰਬ ਦਾ ਸੰਘਰਸ਼ ਹੁਣ ਸਮੁੰਦਰੀ ਰਾਹਾਂ 'ਤੇ ਵਪਾਰ ਅਤੇ ਜਾਨਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਤੇਲ ਦੀ ਸਪਲਾਈ ਅਤੇ ਅੰਤਰਰਾਸ਼ਟਰੀ ਵਪਾਰ 'ਤੇ ਵੀ ਅਸਰ ਪੈ ਸਕਦਾ ਹੈ। ਵਿਦੇਸ਼ੀ ਜਹਾਜ਼ਾਂ 'ਤੇ ਕੰਮ ਕਰਦੇ ਹਨ ਅਤੇ ਅਜਿਹੇ ਹਮਲਿਆਂ ਨਾਲ ਉਨ੍ਹਾਂ ਦੀ ਜਾਨ ਨੂੰ ਖਤਰਾ ਵਧ ਜਾਂਦਾ ਹੈ।



ਇਸ ਘਟਨਾ ਨੇ ਵਿਸ਼ਵ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਮੱਧ ਪੂਰਬ ਦਾ ਸੰਘਰਸ਼ ਹੁਣ ਸਮੁੰਦਰੀ ਰਾਹਾਂ 'ਤੇ ਵਪਾਰ ਅਤੇ ਜਾਨਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਤੇਲ ਦੀ ਸਪਲਾਈ ਅਤੇ ਅੰਤਰਰਾਸ਼ਟਰੀ ਵਪਾਰ 'ਤੇ ਵੀ ਅਸਰ ਪੈ ਸਕਦਾ ਹੈ।ਭਾਰਤੀ ਸਮੁੰਦਰੀ ਕਰਮਚਾਰੀਆਂ ਲਈ ਇਹ ਖੇਤਰ ਪਹਿਲਾਂ ਹੀ ਜੋਖਮ ਭਰਿਆ ਹੈ। ਹਜ਼ਾਰਾਂ ਭਾਰਤੀ ਮਲਾਹ ਵਿਦੇਸ਼ੀ ਜਹਾਜ਼ਾਂ 'ਤੇ ਕੰਮ ਕਰਦੇ ਹਨ ਅਤੇ ਅਜਿਹੇ ਹਮਲਿਆਂ ਨਾਲ ਉਨ੍ਹਾਂ ਦੀ ਜਾਨ ਨੂੰ ਖਤਰਾ ਵਧ ਜਾਂਦਾ ਹੈ। ਇਸ ਘਟਨਾ ਨੇ ਵਿਸ਼ਵ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਮੱਧ ਪੂਰਬ ਦਾ ਸੰਘਰਸ਼ ਹੁਣ ਸਮੁੰਦਰੀ ਰਾਹਾਂ 'ਤੇ ਵਪਾਰ ਅਤੇ ਜਾਨਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਤੇਲ ਦੀ ਸਪਲਾਈ ਅਤੇ ਅੰਤਰਰਾਸ਼ਟਰੀ ਵਪਾਰ 'ਤੇ ਵੀ ਅਸਰ ਪੈ ਸਕਦਾ ਹੈ।

ਓਮਾਨ ਨੇ ਇਸ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਖੇਤਰ ਵਿੱਚ ਸ਼ਾਂਤੀ ਦੀ ਅਪੀਲ ਕੀਤੀ ਹੈ। ਇਸ ਤਰ੍ਹਾਂ ਦੇ ਹਮਲੇ ਰੋਕਣ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ ਹੈ। ਭਾਰਤ ਸਰਕਾਰ ਨੂੰ ਵੀ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਵਧੇਰੇ ਕਦਮ ਚੁੱਕਣੇ ਚਾਹੀਦੇ ਹਨ। ਇਹ ਘਟਨਾ ਦਰਸਾਉਂਦੀ ਹੈ ਕਿ ਵਿਸ਼ਵ ਸਿਆਸਤ ਵਿੱਚ ਛੋਟੇ ਜਹਾਜ਼ ਵੀ ਵੱਡੇ ਸੰਘਰਸ਼ ਦਾ ਸ਼ਿਕਾਰ ਹੋ ਸਕਦੇ ਹਨ।ਭਾਰਤੀ ਸਮੁੰਦਰੀ ਕਰਮਚਾਰੀਆਂ ਲਈ ਇਹ ਖੇਤਰ ਪਹਿਲਾਂ ਹੀ ਜੋਖਮ ਭਰਿਆ ਹੈ। ਹਜ਼ਾਰਾਂ ਭਾਰਤੀ ਮਲਾਹ ਵਿਦੇਸ਼ੀ ਜਹਾਜ਼ਾਂ 'ਤੇ ਕੰਮ ਕਰਦੇ ਹਨ ਅਤੇ ਅਜਿਹੇ ਹਮਲਿਆਂ ਨਾਲ ਉਨ੍ਹਾਂ ਦੀ ਜਾਨ ਨੂੰ ਖਤਰਾ ਵਧ ਜਾਂਦਾ ਹੈ। ਇਸ ਘਟਨਾ ਨੇ ਵਿਸ਼ਵ ਭਰ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਮੱਧ ਪੂਰਬ ਦਾ ਸੰਘਰਸ਼ ਹੁਣ ਸਮੁੰਦਰੀ ਰਾਹਾਂ 'ਤੇ ਵਪਾਰ ਅਤੇ ਜਾਨਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਤੇਲ ਦੀ ਸਪਲਾਈ ਅਤੇ ਅੰਤਰਰਾਸ਼ਟਰੀ ਵਪਾਰ 'ਤੇ ਵੀ ਅਸਰ ਪੈ ਸਕਦਾ ਹੈ।

# ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਕਿਸਾਨਾਂ ਵਿੱਚ ਰੋਸ :ਕਿਰਤੀ ਕਿਸਾਨ ਯੂਨੀਅਨ



## ਕਿਸਾਨਾ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਰਨ 01 ਮਾਰਚ

ਸੰਯੁਕਤ ਕਿਸਾਨ ਮੋਰਚਾ ਵਿੱਚ ਕੰਮ ਕਰਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਸਹਿਕਾਰੀ ਖੰਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਵਿਰੁੱਧ ਚੱਲ ਰਹੇ ਸੰਘਰਸ਼ ਦੌਰਾਨ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਵਿਰੁੱਧ ਸ਼ਨੀਵਾਰ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਸਰਹਾਲੀ ਖੁਰਦ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ।ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਧੱਕੇਸ਼ਾਹੀ ਕਰਕੇ ਕਿਸਾਨਾਂ ਦੀ ਅਕੁਾਇਰ ਕੀਤੀ ਜਮੀਨ ਮਨ ਮਰਜ਼ੀ ਨਾਲ ਅੱਗੇ ਟਰਾਂਸਫਰ ਕਰ ਰਹੀ ।ਜਦ ਕਿ ਕਿਸਾਨਾਂ ਦੇ ਇਸ ਸਹਿਕਾਰੀ ਖੰਡ ਮਿੱਲ ਸ਼ੇਰੋਂ ਵਿੱਚ ਸ਼ੇਅਰ ਹਨ ਇਸ ਮੌਕੇ ਬੋਲਦੇ ਹੋਏ ਆਗੂਆਂ ਗੁਰਪ੍ਰੀਤ ਸਿੰਘ ਗੰਜਾ ਰਵਿੰਦਰ ਸਿੰਘ ਵਲੀਪੁਰ ਸੁਖਦੇਵ ਸਿੰਘ ਮੈਂਬਰ ਅਤੇ ਹੋਰ ਆਗੂਆਂ ਨੇ ਜੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੂੰ ਤੁਰੰਤ ਕਿਸਾਨਾਂ ਦੀ ਇਹ ਖੰਡ ਮਿਲ ਚਾਲੂ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਸਰਕਾਰ ਦਾ ਵਾਅਦਾ ਕਿ ਬਦਲਵੀ ਖੇਤੀ ਦਾ ਮਾਡਲ ਦੇਣਾ ਹੈ ਉਸ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਰਸਾ ਸਿੰਘ ਸਰਦਾਰਾ ਸਿੰਘ ਸਖੀਰਾ ਗੁਰਜੰਟ ਸਿੰਘ ਮੁਗਲ ਚੱਕ ਰਣਜੀਤ ਸਿੰਘ ਰਾਣਾ ਅੰਗਰੇਜ਼ ਸਿੰਘ ਸੂਬੇ ਦਾ ਸਤਵੰਤ ਸਿੰਘ ਖਜਾਨ ਸਿੰਘ ਸਰਪੰਚ ,ਤਾਰਾ ਸਿੰਘ,ਮੇਹਰ ਸਿੰਘ ਸਖੀਰਾ ਬੀਕੇਯੂ ਉਗਰਾਹਾਂ ਅਤੇ ਹੋਰ ਕਿਸਾਨ ਆਗੂ ਮੌਜੂਦ ਸਨ।

# ਛੇ ਮਾਰਚ ਤੱਕ ਦਾ ਅਲਟੀਮੇਟਮ, ਰਿਹਾਅ ਕਿਸਾਨ ਆਗੂਆਂ ਦਾ ਸਨਮਾਨ



## ਮੰਤਰੀ ਲਾਲਜੀਤ ਭੁੱਲਰ ਫਰਜ਼ ਪੂਰਾ ਕਰਨ - ਕਿਸਾਨ ਆਗੂ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ,1 ਮਾਰਚ

ਪ੍ਰਸ਼ਾਸਨ ਵੱਲੋਂ ਕੀਤੇ ਵਾਅਦੇ ਅਨੁਸਾਰ ਛੇ ਮਾਰਚ ਤੋਂ ਪਹਿਲਾਂ ਪਹਿਲਾਂ ਸ਼ੇਰੋਂ ਖੰਡ ਮਿੱਲ ਚਾਲੂ ਕਰਨ ਸਬੰਧੀ ਮੁੱਖ ਮੰਤਰੀ ਨਾਲ ਕਿਸਾਨਾਂ ਦੀ ਮੀਟਿੰਗ ਕਰਵਾਈ ਜਾਵੇ। ਨਹੀਂ ਕਿਸਾਨ ਮਜ਼ਦੂਰ ਜਥੇਬੰਦੀਆਂ ਮੁਲਤਵੀ ਐਕਸ਼ਨ ਮੁੜ ਸ਼ੁਰੂ ਕਰਨ ਲਈ ਮਜਬੂਰ ਹੋਣਗੀਆਂ। ਪੱਟੀ ਹਲਕੇ ਦੇ ਮੌਜੂਦਾ ਐਮ ਐਲ ਏ ਅਤੇ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਨੂੰ ਆਪਣਾ ਫਰਜ਼ ਪਛਾਣਦਿਆਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਵਾਅਦੇ ਅਨੁਸਾਰ ਮਿੱਲ ਨੂੰ ਮੁੜ ਚਾਲੂ ਕਰਾਉਣ ਵੱ ਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।
ਇਹ ਸ਼ਬਦ ਸਯੁੰਕਤ ਕਿਸਾਨ ਮੋਰਚਾ ਦੇ ਆਗੂਆਂ ਵੱਲੋਂ ਜੇਲ੍ਹ ਚੋਂ ਰਿਹਾਅ ਕਰਵਾਏ ਕਿਸਾਨ ਆਗੂਆਂ ਤੇ ਵਰਕਰਾਂ ਸਰਵ ਸ੍ਰੀ ਦਵਿੰਦਰ ਸਿੰਘ ਗਰੇਵਾਲ, ਬਲਦੇਵ ਸਿੰਘ ਵਰਿਆਂ, ਹੀਰਾ ਸਿੰਘ ਸਰਪੰਚ, ਸੁਲੱਖਣ ਸਿੰਘ ਤੁੜ, ਸੁਖਚੈਨ ਸਿੰਘ ਸਰਹਾਲੀ,ਅਮਰਜੀਤ ਸਿੰਘ ਤੁੜ, ਰਛਪਾਲ ਸਿੰਘ, ਬਲਜੀਤ ਸਿੰਘ, ਗੁਰਭੇਜ ਸਿੰਘ ਨੰਦਪੁਰ,ਜੱਸਾ ਸਿੰਘ ਕੱਦਗਿੱਲ,ਰਤਨ ਸਿੰਘ ਢੰਡ, ਗੁਰਪ੍ਰੀਤ ਸਿੰਘ ਗੰਡੀਵਿੰਡ,ਸਬਲਵਿੰਦਰ ਸਿੰਘ ਨੰਦਪੁਰ,ਨਿਰਮਲ ਸਿੰਘ, ਨਛੱਤਰ ਸਿੰਘ ਪੰਨੂ, ਦਲਜੀਤ ਸਿੰਘ ਦਿਆਲਪੁਰਾ ਨੂੰ ਜੇਲ੍ਹ ਚੋਂ ਬਾਹਰ ਆਉਣ ਤੇ ਸਨਮਾਨਿਤ ਕਰਨ ਸਮੇਂ ਕਹੇ । ਉਹਨਾਂ ਕਿਹਾ ਕਿ ਮਿੱਲ ਮੁੜ ਚਾਲੂ ਕਰਾਉਣ ਲਈ ਸੰਘਰਸ਼ ਕਰਨਾ ਇੱਕ ਵੱਡਾ ਕਾਰਜ ਹੈ ਕਿਉਂਕਿ ਇਸ ਮਿੱਲ ਦੇ ਮੁੜ ਚਾਲੂ ਹੋਣ ਨਾਲ ਹਜ਼ਾਰਾਂ ਮਜ਼ਦੂਰਾਂ ਕਿਸਾਨਾਂ ਨੂੰ ਸਿੱਧਾ ਅਸਿੱਧਾ ਰੁਜ਼ਗਾਰ ਮਿਲੇਗਾ। ਹੁਣ ਅਰਬਾਂ ਰੁਪਏ ਦੀ ਮਿੱਲ ਦੀ ਜ਼ਮੀਨ ਖ਼ੁਰਦ ਬੁਰਦ ਕਰਕੇ ਕੁੱਝ ਲੋਕਾਂ ਨੂੰ ਨਿੱਜੀ ਲਾਭ ਪਹੁੰਚਾਉਣ ਦੀ ਕਥਿੱਤ ਕੋਸ਼ਿਸ਼ ਦੀ ਥਾਂ ਅਸਲੀ ਮਾਲਕ ਸਥਾਨਕ ਜਨਤਾ ਨੂੰ ਇਸਦਾ ਲਾਭ ਮਿਲਣਾ ਚਾਹੀਦਾ ਹੈ।

# ਹੋਲੇ ਮਹੱਲੇ 'ਤੇ ਲਗਾਇਆ ਮੁਫ਼ਤ ਮੈਡੀਕਲ ਕੈਂਪ





ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਹਰ ਸਾਲ ਹੋਲੇ ਮਹੱਲੇ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਦੇਸ਼ ਵਿਦੇਸ਼ਾਂ ਤੋਂ ਸੰਗਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼ਰਧਾ ਪੂਰਵਕ ਨਤਮਸਤਕ ਹੋਣ ਲਈ ਆਉਂਦੀਆਂ ਹਨ। ਸੰਗਤਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਵਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਡਾ. ਸੁਖਬੀਰ ਸਿੰਘ ਕੱਕਾ ਕੰਡਿਆਲਾ ਸੀਨੀਅਰ ਮੀਤ ਪ੍ਰਧਾਨ ਪੰਜਾਬ, ਡਾ. ਮਨਜਿੰਦਰ ਸਿੰਘ ਥਾਨ ਵਾਈਸ ਚੇਅਰਮੈਨ ਜ਼ਿਲ੍ਹਾ ਤਰਨਤਾਰਨ ਨੇ ਕਿਹਾ ਕਿ ਸੱਚਖੰਡ ਵਾਸੀ ਸੰਤ ਬਾਬਾ ਸੁਲੱਖਣ ਸਿੰਘ ਜੀ ਗੁਰਦੁਆਰਾ ਲੋਹ ਲੰਗਰ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਖੇ 32ਵਾਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ ਹੈਂ। ਜਿਸ ਵਿਚ ਲੋੜਵੰਦ ਮਰੀਜ਼ਾਂ ਦਾ ਚੈੱਕਅਪ
ਕਰਕੇ ਮੁੱਢਲੀ ਸਿਹਤ ਸਹੂਲਤ ਮੁਫ਼ਤ ਦਿੱਤੀ ਦਿੱਤੀ ਜ਼ਾ ਰਹੀ ਹੈਂ। ਡਾ. ਤਜਿੰਦਰ ਸਿੰਘ ਢਿੱਲੋਂ ਸੂਬਾ ਪ੍ਰਧਾਨ, ਡਾ. ਗੁਰਭੇਜ ਸਿੰਘ ਛੋਟੀਆਂ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਕੈਂਪ 27 ਫਰਵਰੀ ਤੋਂ ਸ਼ੁਰੂ ਕੀਤਾ ਗਿਆ ਹੈਂ, ਤੇ 4 ਮਾਰਚ ਹੋਲੇ ਮੁਹੱਲੇ ਵਾਲੇ ਦਿਨ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕੇ ਕੈਂਪ ਵਿੱਚ ਸੇਵਾ ਨਿਭਾਉਣ ਤੋਂ ਬਾਅਦ ਸੂਬਾ ਪ੍ਰਧਾਨ ਡਾ. ਤਜਿੰਦਰ ਸਿੰਘ ਢਿੱਲੋਂ, ਡਾ.ਪਲਵਿੰਦਰ ਸਿੰਘ ਝਬਾਲ ਜ਼ਿਲ੍ਹਾ ਕੈਸ਼ੀਅਰ, ਨਵਰਾਜ ਗਿਦੜੀ ਬਘਿਆੜੀ ਨੂੰ ਬਾਬਾ ਪਰਮਜੀਤ ਸਿੰਘ ਰਸੂਲਪੁਰ ਆਦਿ ਵੱਲੋ ਮੈਡੀਕਲ ਟੀਮ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕੇ ਚੱਲ ਰਹੇ ਕੈਂਪ ਵਿੱਚ ਡਾ. ਗੁਰਬਿੰਦਰ ਸਿੰਘ ਵਿਰਦੀ, ਡਾ.ਅਮੋਲਕ ਸਿੰਘ ਗੋਰਖਾ, ਡਾ.ਬਲਦੇਵ ਸਿੰਘ ਜੋਧਪੁਰ, ਡਾ. ਅਨੋਖ ਸਿੰਘ ਮੁਰਾਦਪੁਰਾ, ਹਰਜੀਤ ਸਿੰਘ, ਡਾ.ਪਲਵਿੰਦਰ ਝਬਾਲ ਜ਼ਿਲ੍ਹਾ ਕੈਸ਼ੀਅਰ, ਡਾ.ਮਨਜਿੰਦਰ ਸਿੰਘ, ਡਾ. ਜਸਬੀਰ ਸਿੰਘ ਵੇਂਈਪੂੰਈ ਬਲਾਕ ਪ੍ਰਧਾਨ ਖਡੂਰ ਸਾਹਿਬ, ਡਾ. ਮਲਕੀਤ ਸਿੰਘ, ਡਾ. ਮਨਜਿੰਦਰ ਗਿੱਲ ਬਲਾਕ ਪ੍ਰਧਾਨ ਤਰਨਤਾਰਨ, ਡਾ. ਸੁਰਜੀਤ ਸਿੰਘ ਢੰਡ ਜ਼ਿਲ੍ਹਾ ਚੇਅਰਮੈਨ, ਡਾ. ਸਤਪਾਲ ਭੱਟੀ, ਡਾ. ਨਰਿੰਦਰ ਸ਼ਰਮਾ, ਡਾ.ਕਸ਼ਮੀਰ ਰੰਧਾਵਾ, ਡਾ.ਅਨਮੋਲ ਢੰਡ, ਡਾ.ਹਰਜੀਤ ਛੋਟੀਆਂ, ਡਾ.ਬਲਰਾਜ ਧਾਰੜ, ਡਾ.ਅਮਰਜੀਤ ਤੁੜ, ਡਾ. ਸਤਬੀਰ ਕੰਗ ਆਦਿ ਵੱਲੋ ਦਿਨ ਰਾਤ ਸੇਵਾ ਨਿਭਾਈ ਜ਼ਾ ਰਹੀ ਹੈ।

# ਧਾਲੀਵਾਲ ਨੇ ਕੇਜਰੀਵਾਲ ਤੇ ਸਿਸੋਦੀਆ ਨਾਲ ਮੁਲਾਕਾਤ ਕਰਕੇ "ਆਪ" ਪੰਜਾਬ ਇਕਾਈ ਵੱਲੋਂ ਦਿੱਤੀ ਵਧਾਈ





ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 1 ਮਾਰਚ

ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਨਾਲ ਉਚੇਚੇ ਤੌਰ ਤੇ ਨਿੱਜੀ ਮੁਲਾਕਾਤ ਕੀਤੀ ਅਤੇ ਮੁਲਾਕਾਤ ਦੌਰਾਨ ਦਿੱਲੀ ਦੀ ਇੱਕ ਅਦਾਲਤ ਦੇ ਸੀ ਬੀ ਆਈ ਵਲੋਂ ਦਰਜ ਕਥਿਤ ਬੇਬੁਨਿਆਦ ਮਾਮਲੇ 'ਚ ਆਏ ਬਾਇੱਜ਼ਤ ਬਰੀ ਹੋਣ ਦੇ ਫੈਸਲੇ ਦਾ ਬੁੱਕੇ ਭੇਂਟ ਕਰਕੇ ਸਵਾਗਤ ਕੀਤਾ ਤੇ "ਆਪ" ਪੰਜਾਬ ਇਕਾਈ ਵਲੋਂ ਵਧਾਈ ਦਿੰਦਿਆਂ ਕਿਹਾ ਕਿ ਅਦਾਲਤ ਵਲੋਂ ਉਨ੍ਹਾਂ ( ਕੇਜਰੀਵਾਲ ਤੇ ਸਿਸੋਦੀਆ) ਦੀ ਕੱਟੜ ਇਮਾਨਦਾਰ ਰਾਜਨੀਤੀ 'ਤੇ ਮੋਹਰ ਲਗਾਏ ਜਾਣ ਨਾਲ ਜਿੱਥੇ ਪੰਜਾਬ ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਸਵੱਛ ਪ੍ਰਸ਼ਾਸ਼ਨ, ਬਹੁ ਵਿਕਾਸ, ਰੁਜ਼ਗਾਰ ਤੇ ਲੋਕ ਸਹੂਲਤਾਂ ਸਕੀਮਾਂ ਸਮੇਤ ਪੰਜਾਬ ਚ ਯੁੱਧ ਨਸ਼ਿਆਂ ਵਿਰੁੱਧ ਤੇ ਗੈਂਗਸਟਰਾਂ ਵਿਰੁੱਧ ਅਪ੍ਰੇਸ਼ਨ ਪਰਿਹਾਰ ਨੂੰ ਪਹਿਲਾਂ ਨਾਲੋਂ ਵੱਧ ਮਜ਼ਬੂਤੀ ਮਿਲੇਗੀ, ਉਥੇ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਸਮੂਹ ਆਗੂਆਂ ਤੇ ਵਲੰਟੀਅਰਾਂ ਚ ਹੋਰ ਨਵੇਂ ਖ਼ੂਨ ਦਾ ਸੰਚਾਰ ਹੋਣ ਨਾਲ ਨਵੀਂ ਜਾਨ ਪਏਗੀ।
ਮੁਲਾਕਤ ਉਪਰੰਤ ਗੱਲਬਾਤ ਦੌਰਾਨ ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ. ਧਾਲੀਵਾਲ ਨੇ ਇਹ ਵੀ ਕਿਹਾ ਕਿ ਸ੍ਰੀ ਕੇਜਰੀਵਾਲ ਤੇ ਸ਼੍ਰੀ ਸਿਸੋਦੀਆ ਨੂੰ ਅਦਾਲਤ ਵੱਲੋਂ ਬਾਇੱਜ਼ਤ ਬਰੀ ਕੀਤੇ ਜਾਣ ਨਾਲ ਆਮ ਆਦਮੀ ਪਾਰਟੀ ਦੀ ਕੱਟੜ ਇਮਾਨਦਾਰ ਰਾਜਨੀਤੀ ਨੂੰ ਇੱਕ ਗਿਣੀ ਮਿੱਥੀ ਸਾਜ਼ਿਸ਼ ਤਹਿਤ ਕੌਮੀ ਪੱਧਰ ਤੇ ਸਵਾਲੀਆ ਚਿੰਨ੍ਹ ਲਾਉਂਦਿਆਂ ਬਦਨਾਮ ਕੀਤੇ ਜਾਣ ਦੇ ਨਾਕਾਰਤਮਿਕ ਤੇ ਗੁੰਮਰਾਹਕੁੰਨ ਪਰਚਾਰ ਚ ਵਿਰੋਧੀ ਧਿਰ ਭਾਜਪਾ ਨੂੰ ਬੁਰੀ ਤਰ੍ਹਾਂ ਮੂੰਹ ਦੀ ਖਾਣੀ ਪਈ ਹੈ। ਸ. ਧਾਲੀਵਾਲ ਨੇ ਕੇਜਰੀਵਾਲ ਤੇ ਸ੍ਰੀ ਸਿਸੋਦੀਆ ਨੂੰ ਅਦਾਲਤ ਵਲੋਂ ਬਾਇੱਜ਼ਤ ਬਰੀ ਕੀਤੇ ਜਾਣ ਲਈ ਦਿੱਤੇ ਸਨਮਾਨਜਨਕ ਫੈਸਲੇ ਨੂੰ ਅਧਾਰ ਬਣਾ ਕੇ ਕਾਂਗਰਸ,ਭਾਜਪਾ ਤੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵਲੋਂ ਵੱਖਰੇ ਵੱਖਰੇ ਤੌਰ ਤੇ ਕੀਤੀ ਜਾ ਰਹੀ ਬੇਲੋੜੀ ਨੁਕਤਾਚੀਨੀ ਨੂੰ ਆੜੇ ਹੱਥੀ ਲਿਆ ਅਤੇ ਕਿਹਾ ਅਸਲ ਚ ਅਦਾਲਤ ਦੇ ਆਪ ਦੀ ਸੀਨੀਅਰ ਲੀਡਰਸ਼ਿਪ ਦੇ ਹੱਕ ਚ ਸਨਮਾਨ ਭਰਪੂਰ ਇਤਿਹਾਸਿਕ ਫੈਸਲੇ ਨਾਲ ਅਗਲੇ ਸਾਲ 2027 ਚ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਚ ਇਨ੍ਹਾਂ ਵਿਰੋਧੀ ਰਾਜਸੀ ਧਿਰਾਂ ਨੂੰ ਕੰਧ ਤੇ ਸਾਫ਼ ਲਿਖੀ ਤੇ ਪੜ੍ਹੀ ਜਾ ਰਹੀ ਆਪਣੀ ਬੁਰੀ ਤਰ੍ਹਾਂ ਹਾਰ ਨੂੰ ਵੇਖਕੇ ਬੁਖਲਾਹਟ ਖਾਹ ਰਹੀ ਹੈ। ਉਹਨਾਂ ਨੇ ਇਨ੍ਹਾਂ ਸੂਬਾਈ ਵਿਰੋਧੀ ਧਿਰਾਂ ਦੀ ਘੇਰਾਬੰਦੀ ਕਰਦਿਆਂ ਇਹ ਵੀ ਪੁੱਛਿਆ ਕਿ ਜੇਕਰ ਵੱਖ ਵੱਖ ਮੁਕਦਮੇਬਾਜ਼ੀ ਕੇਸਾਂ ਦਾ ਸਾਹਮਣਾ ਕਰ ਰਹੇ ਇਨ੍ਹਾਂ ਧਿਰਾਂ ਦੇ ਸੀਨੀਅਰ ਆਗੂਆਂ ਹੱਕ ਚ ਅਦਾਲਤਾਂ ਫੈਸਲੇ ਸੁਣਾ ਕੇ ਲੋਕ ਸਭਾ ਮੈਂਬਰੀ ਤੱਕ ਬਹਾਲ ਕਰਨ ਸਮੇਤ ਹੋਰ ਮਾਮਲਿਆਂ ਚ ਰਾਹਤ ਦੇਣ ਤਾਂ ਗੁੜ ਵਾਂਗ ਮਿੱਠੇ ਤੇ ਸੱਚ ਦੀ ਜਿੱਤ ਦੇ ਫੈਸਲੇ ਹਨ ਅਤੇ ਜੇਕਰ "ਆਪ" ਲੀਡਰਸ਼ਿਪ ਵਿਰੁੱਧ ਰਾਜਸੀ ਬਦਲਾਖੋਰੀ ਤਹਿਤ ਬਣਾਏ ਕੇਸ ਰੱਦ ਕਰ ਦਿੱਤੇ ਜਾਣ ਤਾਂ ਕੌੜੇ। ਸ. ਧਾਲੀਵਾਲ ਨੇ ਸ੍ਰੀ ਕੇਜਰੀਵਾਲ ਤੇ ਸ੍ਰੀ ਸਿਸੋਦੀਆ ਦੇ ਹੱਕ ਚ ਨਿਆਂ ਦੇ ਆਏ ਇਸ ਫੈਸਲੇ ਨੂੰ ਸ਼ੁੱਧ ਸੋਨੇ ਵਾਂਗ 100 ਫ਼ੀਸਦ ਖ਼ਰਾ ਕਰਾਰ ਦਿੱਤਾ ਅਤੇ ਕਿਹਾ ਕਿ ਸੱਚ ਨੂੰ ਪ੍ਰੇਸ਼ਾਨ ਤਾਂ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ



ਫੋਟੋ : ਗੁਰਪ੍ਰੀਤ ਸਿੰਘ ਕੱਦਗਿੱਲ

# ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਨੇ ਫੂਕਿਆ ਪੰਜਾਬ ਸਰਕਾਰ ਦਾ ਪੁਤਲਾ

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 2 ਮਾਰਚ

ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਤਰਨ ਤਾਰਨ ਦੇ ਆਗੂ ਗੁਰਮੀਤ ਸਿੰਘ ਭੁੱਲਰ ਸੂਬਾ ਜਨਰਲ ਸਕੱਤਰ ਮਾਸਟਰ ਕੇਡਰ ਯੂਨੀਅਨ ਪੰਜਾਬ) , ਗੁਰਿੰਦਰ ਸਿੰਘ ਬੱਬੂ ਜ਼ਿਲ੍ਹਾ ਪ੍ਰਧਾਨ ਈਟੀਯੂ ਪੰਜਾਬ, ਮਨਜਿੰਦਰ ਸਿੰਘ ਢਿੱਲੋਂ ਜ਼ਿਲ੍ਹਾ ਪ੍ਰਧਾਨ ਲੈਕਚਰਾਰ ਯੂਨੀਅਨ, ਜਨਰਲ ਸਕੱਤਰ ਸੁਖਦੇਵ ਰਾਜ,ਸੁੱਖਵਿੰਦਰ ਸਿੰਘ ਧਾਮੀ ਦੀ ਸਾਂਝੀ ਅਗਵਾਈ ਵਿੱਚ ਟੈਟ ਦੇ ਮਸਲੇ ਨੂੰ ਲੈ ਕੇ ਅਤੇ ਪੰਜਾਬ ਦੇ ਕਰਮਚਾਰੀਆਂ ਦੀ ਵਿੱਤੀ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਅੱਖੇ ਪਰੋਖੇ ਕਰਨ ਦੇ ਵਿਰੋਧ ਵਿੱਚ ਗਾਂਧੀ ਪਾਰਕ ਵਿਚ ਇਕੱਠੇ ਹੋ ਕੇ ਚਾਰ ਖੱਬਾ ਚੌਂਕ ਤਰਨ ਤਾਰਨ ਵਿਖੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਕੇ ਪੁਤਲਾ ਫੂਕਿਆ ਗਿਆ ।ਇਸ ਮੌਕੇ ਸੂਬਾ ਸਰਕਾਰ ਵਿਰੁੱਧ ਰੋਜ਼ ਪ੍ਰਦਰਸ਼ਨ ਕਰਦਿਆਂ ਆਗੂ ਗੁਰਮੀਤ ਭੁੱਲਰ, ਗੁਰਵਿੰਦਰ ਸਿੰਘ,ਸੁੱਖਵਿੰਦਰ ਧਾਮੀ,ਰਸ਼ਪਾਲ ਸਿੰਘ, ਗੁਰਪ੍ਰੀਤ ਸਿੰਘ, ਪ੍ਰਤਾਪ ਸਿੰਘ ਨੇ ਕਿਹਾ ਕੇ ਪੰਜਾਬ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਮੁਲਾਜ਼ਮਾਂ ਨੂੰ 16 ਫੀਸਦੀ ਡੀਏ ਦੀ ਬਕਾਇਆ ਕਿਸ਼ਤ ਪੇਂਡੂ ਭੱਤਾ ਏਸੀਪੀ ਪੁਰਾਣੀ ਪੈਨਸ਼ਨ ਤੇ ਪੰਜਾਬ ਸਰਕਾਰ ਚੁੱਪੀ ਧਾਰੀ ਬੈਠੀ ਹੈ ਅਤੇ ਹੁਣ ਟੈਟ ਦੇ ਮਸਲੇ ਨੂੰ ਵੀ ਹੱਲ ਕਰਨ ਦੀ ਬਜਾਏ ਅਧਿਆਪਕਾਂ ਨੂੰ ਰੋਜ਼ ਨਵੀਆਂ ਨਵੀਆਂ ਚਿੱਠੀਆਂ ਪਾ ਕੇ ਉਲਝਾਇਆ ਜਾ ਰਿਹਾ, ਮਾਨਸਿਕ ਪਰੇਸ਼ਾਨੀ ਦਿੱਤੀ ਜਾ ਰਹੀ ਹੈ, ਅਧਿਆਪਕਾਂ ਤੋਂ ਵੱਡੇ ਪੱਧਰ ਤੇ ਗੈਰ ਵਿਦਿਅਕ ਕੰਮ ਲੈ ਕੇ ਉਹਨਾਂ ਨੂੰ ਮਾਨਸਿਕ ਪਰੇਸ਼ਾਨ ਕੀਤਾ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਟੈਟ ਨੂੰ ਲੈ ਕੋਈ ਯੋਗ ਹੱਲ ਨਾ ਕੱਢਿਆ ਗਿਆ ਜਾਂ ਸੁਪਰੀਮ ਕੋਰਟ ਵਿੱਚ ਬਣਦੀ ਰਿਵਿਊ ਪਟੀਸ਼ਨ ਨਾ ਪਾਈ ਅਤੇ 16 ਫੀਸਦੀ ਰਹਿੰਦਾ ਡੀਏ ਦਾ ਬਕਾਇਆ ਜਾਰੀ ਨਾ ਕੀਤਾ, ਪੁਰਾਣੀ ਪੈਨਸ਼ਨ ਜਲਦੀ ਬਹਾਲ ਨਾ ਕੀਤੀ ,ਬੰਦ ਕੀਤੇ ਸਾਰੇ ਭਤੇ, ਪੇਂਡੂ ਭੱਤਾ ਏਸੀਪੀ ਜਲਦੀ ਜਾਰੀ ਨਾ ਕੀਤੇ ਤਾਂ ਤਾਂ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਸਰਕਾਰ ਖਿਲਾਫ ਸਿੱਖਿਆ ਵਿਭਾਗ ਸੰਘਰਸ਼ ਕਮੇਟੀ ਪੰਜਾਬ ਤਿੱਖੇ ਸੰਘਰਸ਼ ਵਿੱਢੇਗੀ । ਪੁਤਲਾ ਫੂਕ ਰੋਸ ਪ੍ਰਦਰਸ਼ਨ ਵਿੱਚ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਕੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਮੇਨ ਬਾਜ਼ਾਰ ਚੌਂਕ ਦੇ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ । | ਇਸ ਮੌਕੇ ਦਿਲਬਾਗ ਸਿੰਘ, ਜੁਗਰਾਜ ਸਿੰਘ, ਵਿਕਰਮ ਸਿੰਘ, ਜਗਰੂਪ ਕੌਰ, ਅਮਨਦੀਪ ਕੌਰ, ਨਵਪ੍ਰੀਤ ਕੌਰ,ਸ੍ਰੀ ਮਤੀ ਸਰਮੀਲੀ, ਪ੍ਰਭਜੋਤ ਸਿੰਘ,ਰਾਜਨ ਸੀ ਐਚ ਟੀ ਬਿਕਰਮਜੀਤ ਸਿੰਘ ਪੱਟੀ,ਮਨਜੀਤ ਸਿੰਘ ਅਲੀਪੁਰ,ਗੁਰਪ੍ਰੀਤ ਸਿੰਘ ਨੱਥੂਪੁਰ,ਮਨਜੀਤ ਪਾਰਸ ਆਦਿ ਅਧਿਆਪਕ ਹਾਜ਼ਰ ਹੋਏ। ਤਰਨ ਵਿਖੇ ਸੂਬਾ ਸਰਕਾਰ ਦਾ ਪੁਤਲਾ ਫੂਕਦੇ ਹੋਏ ਸਿੱਖਿਆ ਵਿਭਾਗ ਸੰਘਰਸ਼ ਕਮੇਟੀਦੇ ਆਗੂ।



ਫੋਟੋ : ਪਰਮਿੰਦਰ ਚੋਹਲਾ

## ਡਾ. ਭਗਵੰਤ ਕੌਰ, ਸੀਨੀਅਰ ਪ੍ਰੋਫੈਸਰ ਪੰਜਾਬੀ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਰਿਟਾਇਰਮੈਂਟ ਮੌਕੇ ਵਿਦਾਈ ਸਮਾਰੋਹ ਆਯੋਜਿਤ ਕੀਤਾ ਗਿਆ

ਚੋਹਲਾ ਸਾਹਿਬ 2 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਡਾ. ਭਗਵੰਤ ਕੌਰ, ਸੀਨੀਅਰ ਪ੍ਰੋਫੈਸਰ ਪੰਜਾਬੀ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਰਿਟਾਇਰਮੈਂਟ ਮੌਕੇ ਵਿਦਾਈ ਸਮਾਰੋਹ ਆਯੋਜਿਤ ਕੀਤਾ ਗਿਆ। ਉਨ੍ਹਾਂ ਨੇ ਲਗਭਗ 25 ਸਾਲ ਤੱਕ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਸੰਸਥਾ ਦੀ ਸੇਵਾ ਕੀਤੀ ਅਤੇ ਆਪਣੇ ਸਹਿਕਰਮੀਆਂ ਅਤੇ ਵਿਦਿਆਰਥੀਆਂ ਵੱਲੋਂ ਆਦਰ ਅਤੇ ਸਨਮਾਨ ਪ੍ਰਾਪਤ ਕੀਤਾ।ਇਹ ਸਮਾਗਮ ਕਾਲਜ ਸਟਾਫ ਦੀ ਹਾਜ਼ਰੀ ਵਿੱਚ ਇੱਕ ਪ੍ਰਭਾਵਸ਼ਾਲੀ ਇਕੱਠ ਵਿੱਚ ਕੀਤਾ ਗਿਆ। ਇਸ ਮੌਕੇ ਡਾ. ਭਗਵੰਤ ਕੌਰ ਨੂੰ ਕਾਲਜ ਦੀ ਲੰਬੀ ਅਤੇ ਨਿਸ਼ਠਾਪੂਰਣ ਸੇਵਾ ਦੇ ਸਨਮਾਨ ਵਜੋਂ ਮਾਨਯੋਗ ਸਕੱਤਰ ਸ੍ਰੀ ਹਰਜਿੰਦਰ ਸਿੰਘ ਬਿੱਲੀਆਂਵਾਲਾ ਵੱਲੋਂ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਡਾ. ਜਸਬੀਰ ਸਿੰਘ ਨੇ ਡਾ. ਭਗਵੰਤ ਕੌਰ ਵੱਲੋਂ ਆਪਣੀ ਸੇਵਾ ਦੌਰਾਨ ਦਿੱਤੀਆਂ ਗਈਆਂ ਮਹੱਤਵਪੂਰਨ ਸੇਵਾਵਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਅਧਿਆਪਨ ਪ੍ਰਤੀ ਉਨ੍ਹਾਂ ਦੀ ਨਿਭਾਅ ਅਤੇ ਪੰਜਾਬੀ ਵਿਭਾਗ ਦੇ ਵਿਕਾਸ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਦੀ ਰਹਿਨੁਮਾਈ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਪ੍ਰਚਾਰ ਲਈ ਉਨ੍ਹਾਂ ਦੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ।ਸ਼ਾਰੀਰੀਕ ਸਿੱਖਿਆ ਵਿਭਾਗ ਦੇ ਡਾ. ਅਮਨਦੀਪ ਸਿੰਘ ਅਤੇ ਪੰਜਾਬੀ ਵਿਭਾਗ ਦੀ ਡਾ. ਕੰਵਲਪ੍ਰੀਤ ਕੌਰ ਨੇ ਵੀ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਡਾ. ਭਗਵੰਤ ਕੌਰ ਨਾਲ ਕੰਮ ਕਰਨ ਦੇ ਤਜਰਬੇ ਸਾਂਝੇ ਕੀਤੇ ਅਤੇ ਉਨ੍ਹਾਂ ਦੇ ਮਿੱਠੇ ਸੁਭਾਅ, ਸਮਰਪਣ ਅਤੇ ਸਹਿਯੋਗੀ ਰਵੱਈਏ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਉਨ੍ਹਾਂ ਨੂੰ ਸਹਿਯੋਗੀ ਸਾਥੀ ਅਤੇ ਪ੍ਰੇਰਣਾਦਾਇਕ ਅਧਿਆਪਕ ਵਜੋਂ ਵਰਣਨ ਕੀਤਾ ਜੋ ਹਮੇਸ਼ਾ ਵਿਦਿਆਰਥੀਆਂ ਅਤੇ ਸੰਸਥਾ ਦੇ ਭਲੇ ਲਈ ਕੰਮ ਕਰਦੇ ਰਹੇ।ਆਪਣੇ ਵਿਦਾਈ ਭਾਸ਼ਣ ਵਿੱਚ ਡਾ. ਭਗਵੰਤ ਕੌਰ ਨੇ ਮਾਨਯੋਗ ਸਕੱਤਰ, ਪ੍ਰਿੰਸੀਪਲ ਅਤੇ ਸਮੂਹ ਸਟਾਫ ਦਾ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਇੰਨੀ ਸਨਮਾਨਪੂਰਣ ਵਿਦਾਈ ਦਿੱਤੀ। ਉਨ੍ਹਾਂ ਨੇ ਕਾਲਜ ਵਿੱਚ ਬਿਤਾਏ ਯਾਦਗਾਰ ਸਮਿਆਂ ਲਈ ਆਪਣੀ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ।ਸਮਾਗਮ ਦੇ ਅੰਤ ਵਿੱਚ ਕਾਲਜ ਸਟਾਫ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਕੀਤਾ ਗਿਆ, ਜਿਸ ਨਾਲ ਇਹ ਮੌਕਾ ਸਭ ਲਈ ਯਾਦਗਾਰ ਬਣ ਗਿਆ।

## ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਨੇ ਡਿਪਟੀ ਕਮਿਸ਼ਨਰ ਕਪੂਰਥਲਾ ਨਾਲ ਮੀਟਿੰਗ ਕਰਕੇ ਦੱਸੀਆਂ ਮੁਸਕਲਾਂ- ਸੈਣੀ



**ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 2 ਮਾਰਚ ।**

ਪੰਜਾਬ ਦਿਵਿਆਂਗ ਐਕਸ਼ਨ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਸੈਣੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੇ ਕਮੇਟੀ ਦੇ ਇੱਕ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਪੰਚਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਦਿਵਿਆਂਗ ਵਰਗ ਦੀਆਂ ਸੂਬਾ ਪੱਧਰੀ ਪ੍ਰਮੁੱਖ ਸਮੱਸਿਆਵਾਂ ਤੋਂ ਇਲਾਵਾ ਫਗਵਾੜਾ ਸਿਵਲ ਹਸਪਤਾਲ ਵਿੱਚ ਸਾਈਕਲ ਸਟੈਂਡ ਦੇ ਕਰਿੰਦੇ ਵੱਲੋਂ ਦਿਵਿਆਂਗ ਵਿਅਕਤੀਆਂ ਦੀਆਂ ਪਾਰਕਿੰਗ ਦੋਰਾਨ ਗ਼ਲਤ ਵਿਵਹਾਰ ਤੇ ਪਰਚੀ ਕੱਟਣ ਤੋਂ ਇਲਾਵਾ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਦਿਵਿਆਂਗ ਵਰਗ ਨੂੰ ਅਣਗੌਲਿਆ ਕਰਨ ਦੇ ਨਾਲ ਹੀ ਐਕਸ਼ਨ ਕਮੇਟੀ ਦੇ 11 ਮੈਂਬਰੀ ਵਫ਼ਦ ਦੀ ਮੀਟਿੰਗ ਮਾਣਯੋਗ ਮੁੱਖ ਮੰਤਰੀ ਪੰਜਾਬ ਨਾਲ਼ ਕਰਵਾਉਣ ਲਈ ਲਿਖਿਆ ਗਿਆ। ਉਨ੍ਹਾਂ ਕਿਹਾ ਕੇ ਇਸ ਬਾਰੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਕਸ਼ਮੀਰੀ ਲਾਲ ਸੀਨੀਅਰ ਆਗੂ ਪਲਵਿੰਦਰ ਸਿੰਘ ਪਿੰਦਾ ਪੰਚ ਆਦਮੀ ਪਾਰਟੀ ਦੀ ਸਰਕਾਰ ਦਿਵਿਆਂਗ ਵਰਗ ਦੀ ਭਲਾਈ ਲਈ ਯੋਗ ਕਦਮ ਚੁੱਕਣ ਤੋਂ ਅਸਫਲ ਰਹਿਣ ਤੋਂ ਇਲਾਵਾ ਅੰਗਹੀਣ ਭਲਾਈ ਐਕਟ 2016 ਨੂੰ ਪੂਰਨ ਤੌਰ ਤੇ ਲਾਗੂ ਨਾ ਕਰਨ, ਦਿੱਤੀ ਹੋਈ 2500/ਰੁਪਏ ਪੈਨਸ਼ਨ ਦੀ ਗਰੰਟੀ, ਪੈਰਾਂ ਉਲੰਪਿਕ ਮੈਡਲ ਜੇਤੂ ਖਿਡਾਰੀਆਂ ਨੂੰ ਸਰਟੀਫਿਕੇਟ ਨਾ ਦੇਣ, ਸਰਕਾਰੀ ਕੋਚ ਤੋਂ ਇਲਾਵਾ ਖੇਡਣ ਲਈ ਮੈਦਾਨ ਨਾ ਉਪਲਬਧ ਕਰਵਾਉਣ ਕਰਕੇ, ਪੰਜਾਬ ਭਰ ਦੇ ਦਿਵਿਆਂਗਾ ਵਿੱਚ ਭਾਰੀ ਰੋਸ਼ ਪਾਇਆ ਜਾ ਰਿਹਾ ਸੀ ਜਿਸ ਸਬੰਧੀ ਪਹਿਲੀ ਮਾਰਚ ਨੂੰ ਫਗਵਾੜਾ ਵਿਖੇ ਸੂਬਾ ਪੱਧਰੀ ਰੋਸ਼ ਰੈਲੀ ਤੋਂ ਬਾਅਦ ਹਾਈਵੇ ਜਾਮ ਕਰਨ ਦਾ ਐਲਾਨ ਕੀਤਾ ਗਿਆ ਸੀ ਪ੍ਰੰਤੂ ਡੀ ਐੱਸ ਪੀ ਭਾਰਤ ਭੂਸ਼ਨ ਸੈਣੀ ਫਗਵਾੜਾ ,ਐੱਸ ਐੱਚ ਓ ਸਿਟੀ ਅਮਨਦੀਪ ਕੌਰ ਤੇ ਊਸ਼ਾ ਰਾਣੀ ਵੱਲੋਂ ਐਕਸ਼ਨ ਕਮੇਟੀ ਨੂੰ ਮੁੱਖ ਮੰਤਰੀ ਪੰਜਾਬ ਨਾਲ਼ ਮੀਟਿੰਗ ਲਈ ਸਮਾਂ ਡਿਪਟੀ ਕਮਿਸ਼ਨਰ ਕਪੂਰਥਲਾ ਵੱਲੋਂ ਲੈਣ ਲਈ ਅੱਜ ਦੀ ਮੀਟਿੰਗ ਕਰਵਾਈ ਗਈ ਸੀ ਡਿਪਟੀ ਕਮਿਸ਼ਨਰ ਤੋਂ ਇਲਾਵਾ ਹੋਰ ਹਾਜ਼ਰ ਉੱਚ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸਰਕਾਰ ਨਾਲ ਕੀਤੀਆਂ ਮੀਟਿੰਗਾਂ ਅਤੇ ਉਨ੍ਹਾਂ ਦੇ ਬੇ-ਨਤੀਜਿਆਂ ਸਬੰਧੀ ਗੱਲਬਾਤ ਹੋਈ ਤੇ ਕੁਝ ਜ਼ਿਲ੍ਹਾ ਪੱਧਰੀ ਮੁਸ਼ਕਲਾਂ ਤੋਂ ਇਲਾਵਾ ਅੰਗਹੀਣ ਦਿਵਸ ਨਾ ਮਨਾਉਣ ਲਈ ਵਫ਼ਦ ਨੇ ਰੋਸ਼ ਜਾਹਿਰ ਕੀਤਾ। ਆਖਿਰ ਐਕਸ਼ਨ ਕਮੇਟੀ ਵੱਲੋਂ ਮਾਣਯੋਗ ਮੁੱਖ ਮੰਤਰੀ ਪੰਜਾਬ ਨਾਲ਼ ਇੱਕ ਹਫ਼ਤੇ ਵਿੱਚ ਮੀਟਿੰਗ ਲਈ ਸਮਾਂ ਦੇਣ ਲਈ ਮੰਗ ਪੱਤਰ ਸੋਪਦਿਆ ਦੱਸਿਆ ਕਿ ਜੇਕਰ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾਂਦਾ ਤਾਂ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਵੱਲੋਂ ਫਗਵਾੜਾ ਵਿਖੇ ਸੂਬਾ ਪੱਧਰੀ ਰੈਲੀ ਦੌਰਾਨ ਹਾਈਵੇ ਜਾਮ ਕੀਤਾ ਜਾਵੇਗਾ ਜਦੋਂ ਤੱਕ ਕਿ ਸਾਡੀਆਂ ਮੰਗਾਂ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ । ਉਨ੍ਹਾਂ ਕਿਹਾ ਕੇ ਡਿਪਟੀ ਕਮਿਸ਼ਨਰ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਉਹ ਅਗਲੇ ਮੰਗਲਵਾਰ ਜਾਂ ਬੁੱਧਵਾਰ ਤੱਕ ਜੋ ਵੀ ਚੰਡੀਗੜ੍ਹ ਤੋਂ ਆਦੇਸ਼ ਹੋਵੇਗਾ ਉਸ ਬਾਰੇ ਆਪ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਇਸ ਮੌਕੇ ਮਨੋਜ ਕੁਮਾਰ ਭੁਲੱਥ, ਮੋਨੂ ਰਾਮ ਸਾਹਨੀ, ਪੰਚ ਮਨਜੀਤ ਸਿੰਘ ਬਰਨ, ਪ੍ਰਦੀਪ ਕੁਮਾਰ ਆਗੂ ਬਲਾਈਂਡ ਯੂਨੀਅਨ, ਬੋਬੀ ਆਹਲੂਵਾਲੀਆ ਕਪੂਰਥਲਾ ਅਮਰਜੀਤ ਡੁਮੇਲੀ ਆਦਿ ਆਗੂ ਹਾਜ਼ਰ ਸਨ।

## ਆਸ਼ਾ ਵਰਕਰ ਫੈਸੀਲਿਟੇਟਰਜ਼ ਸਾਂਝਾ ਮੋਰਚਾ ਪੰਜਾਬ ਡਿਪਟੀ ਕਮਿਸ਼ਨਰਾਂ ਨੂੰ ਅੱਜ ਪੱਤਰ ਸੌਂਪਗਾ ਮੰਗ ਪੱਤਰ- ਝਬਾਲ



ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ,2 ਮਾਰਚ

ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਸਾਂਝਾ ਮੋਰਚਾ ਪੰਜਾਬ ਵੱਲੋ 3 ਮਾਰਚ ਨੂੰ ਸੂਬੇ ਭਰ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ। ਜਾਣਕਾਰੀ ਸਾਂਝੀਆਸ਼ਾ ਵਰਕਰ ਅਤੇ ਫੈਸੀਲਿਟੇਟਰਜ਼ ਯੂਨੀਅਨ ਸੂਬਾ ਸਕੱਤਰ ਲਖਵਿੰਦਰ ਕੌਰ ਝਬਾਲ ਨੇ ਕਿਹਾ ਕਿ ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਸਾਂਝਾ ਮੋਰਚਾ ਪੰਜਾਬ ਦੀ ਚੈਅਰਮੈਨ ਸੁਖਵਿੰਦਰ ਕੌਰ ਸੁੱਖੀ ਮਾਨਸਾ ਅਤੇ ਅਮਰਜੀਤ ਕੌਰ ਰਣ ਸਿੰਘ ਵਾਲਾ ਕਨਵੀਨਰ, ਰਾਣੋਂ ਖੇੜੀ ਗਿੱਲਾਂ ਕਨਵੀਨਰ,ਹਰਿੰਦਰ ਕੌਰ ਸ਼ਤਰਾਣਾ ਕਨਵੀਨਰ, ਸੰਤੋਸ਼ ਕੁਮਾਰੀ ਫਾਜ਼ਿਲਕਾ ਕਨਵੀਨਰ ਆਨਲਾਈਨ ਮੀਟਿੰਗ ਕਰਦਿਆਂ ਫ਼ੈਸਲਾ ਕੀਤਾ ਕੇ ਨੈਸ਼ਨਲ ਹੈਲਥ ਮਿਸ਼ਨ, ਪੰਜਾਬ ਅਧੀਨ ਕੰਮ ਕਰ ਰਹੀਆਂ ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਦਾ ਬਹੁਤ ਲੰਬੇ ਸਮੇਂ ਤੋਂ ਬਿਨਾ ਤਨਖ਼ਾਹ ਸ਼ੋਸ਼ਣ ਕੀਤਾ ਜਾ ਰਿਹਾ ਹੈ। ਮੰਗਾਂ ਮੁਸ਼ਕਲਾਂ ਦੇ ਹੱਲ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਹਰ ਕੋਸ਼ਿਸ਼ ਰਾਹੀ ਮੰਗ ਪੱਤਰ ਸੌਂਪੇ ਗਏ ਪ੍ਰੰਤੂ ਕੋਈ ਠੋਸ ਹੱਲ ਨਹੀਂ ਹੋਇਆ ਇਸ ਰੋਸ ਵਜੋਂ ਪੰਜਾਬ ਭਰ ਵਿੱਚ ਸਮੂਹ ਆਸ਼ਾ ਵਰਕਰਾਂ ਫੈਸੀਲਿਟੇਟਰਜ ਸਾਂਝਾ ਮੋਰਚਾ ਪੰਜਾਬ ਵੱਲੋਂ 03 ਮਾਰਚ ਨੂੰ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਸੌਂਪੇ ਜਾ ਰਹੇ ਮੰਗ ਪੱਤਰਾਂ ਦੀ ਲੜੀ ਤਹਿਤ ਸਥਾਨਕ ਡਿਪਟੀ ਕਮਿਸ਼ਨਰ ਨੂੰ ਵੀ ਮੰਗ ਪੱਤਰ ਸੌਂਪਿਆ ਜਾਵੇਗਾ। ਉਨ੍ਹਾਂ ਕਿਹਾ ਮੰਗ ਪੱਤਰ ਵਿੱਚ ਪੰਜਾਬ ਸਰਕਾਰ ਵੱਲੋਂ 08 ਮਾਰਚ ਤੋ 11 ਮਾਰਚ ਤੱਕ ਚੱਲਣ ਵਾਲੇ ਆਖਰੀ ਬਜ਼ਟ ਸੈਸ਼ਨ ਆਸ਼ਾ ਵਰਕਰਜ਼ ਫੈਸੀਲਿਟੇਟਰਜ਼ ਨੂੰ ਉਜਰਤ ਅਤੇ ਕਾਨੂੰਨ ਅਨੁਸਾਰ ਰੈਗੂਲਰ ਕਰਦਿਆਂ 26000/ਰੁਪਏ ਲਾਗੂ ਕਰਨ,ਸੇਵਾ ਮੁਕਤ ਸਾਥੀ ਨੂੰ ਸਿਹਤ ਵਿਭਾਗ ਵਿੱਚ ਮੁਫ਼ਤ ਕੰਮ ਲੈ ਕਿ ਸੇਵਾ ਮੁਕਤੀ ਮੌਕੇ ਸਹਾਇਤਾ ਦੇਣ, ਹਰਿਆਣਾ ਦੀ ਤਰਜ ਤੇ ਸਹਾਇਤਾ ਫੰਡ 5 ਲੱਖ ਅਤੇ ਡਿਊਟੀ ਦੌਰਾਨ ਮਿਲਣ ਵਾਲੇ ਫਿੱਕਸ ਭੱਤੇ ਦਾ ਅੱਧਾ ਹਿੱਸਾ ਪੈਨਸ਼ਨ ਦੇ ਰੂਪ ਵਿੱਚ ਦੇਣ ,ਦੀ ਮੰਗ ਰੱਖੀ ਗਈ ਹੈਂ। ਉਨ੍ਹਾਂ ਕਿਹਾ ਕੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਸਤਾ ਵਿੱਚ ਆਉਣ ਤੋਂ ਪਹਿਲਾਂ ਕੀਤਾ ਵਾਅਦਾ ਅਨਰੇਰੀਅਨ ਫੰਡ ਵਿੱਚੋਂ ਮਿਲਣ ਵਾਲਾ ਫਿੱਕਸ ਭੱਤੇ 2500/ਰੁਪਏ ਨੂੰ ਤੁਰੰਤ 10 ਹਜਾਰ ਰੁਪਏ ਕੀਤਾ ਜਾਵੇ,ਫੈਸੀਲਿਟੇਟਰਜ਼ ਦੇ ਟੂਰ ਮਨੀ ਨੂੰ ਦੁਗਣਾ ਕੀਤਾ ਜਾਵੇ ਜੇਕਰ ਇਹਨਾਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਜੱਥੇਬੰਦੀ ਵੱਲੋਂ ਉਲੀਕੀਆਂ ਤਰੀਕਾ ਅਨੁਸਾਰ ਸੈਸ਼ਨ ਦਾ ਘਿਰਾਓ ਕੀਤਾ ਜਾਵੇਂਗਾ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਬਹਾਦਰ ਕਰਨਲ ਇਕਬਾਲ ਸਿੰਘ ਅਤੇ ਲੋਹ ਪੁਰਸ਼ ਔਰਤ ਬੀਬੀ ਦਰਸ਼ਨ ਕੌਰ ਦੀ ਖ਼ੂਨੀ ਗਾਥਾ



ਬੀਬੀ ਦਰਸ਼ਨ ਕੌਰ ਦੇ ਪਰਿਵਾਰ ਤੇ ਅੱਜ ਤੋ ਲੱਗਭੱਗ 48 ਸਾਲ ਪਹਿਲਾ ਪੰਦਰਾ ਸਤੰਬਰ 1977 ਨੂੰ ਆਸਟ੍ਰੇਲੀਆ ਦੇ ਖ਼ੂੰਖਾਰ ਦਹਿਸ਼ਤਗਰਦ ਵਲੋਂ ਹਮਲੇ ਦੀ ਖ਼ੂਨੀ ਗਾਥਾਂ ਸੁਣ ਕੇ ਸਰੀਰ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਅਤੇ ਦਿੱਲ ਕੰਬ ਜਾਂਦਾ ਹੈ। ਇਹ ਖ਼ੂਨੀ ਅਤੇ ਦਰਦਨਾਕ ਕਹਾਣੀ ਸੁਣਨ ਲਈ ਵੀ ਵੱਡੇ ਜਿਗਰੇ ਦੀ ਲੋੜ ਚਾਹੀਦੀ ਹੈ। ਬੀਬੀ ਦਰਸ਼ਨ ਕੌਰ ਅਤੇ ਉਸ ਦਾ ਪਰਿਵਾਰ 48 ਸਾਲ ਬਾਅਦ ਵੀ ਇਸ ਸਦਮੇ ਵਿੱਚੋਂ ਨਿਕਲ ਨਹੀਂ ਸਕਿਆ। ਬੀਬੀ ਦਰਸ਼ਨ ਕੌਰ ਅੱਜ ਵੀ ਇਹ ਖ਼ੂਨੀ ਕਹਾਣੀ ਸੁਣਾਉਂਦਿਆਂ ਰੋਣ ਲੱਗ ਪੈਂਦੀ ਹੈ। ਉਸ ਦਾ ਪਤੀ ਕਰਨਲ ਇਕਬਾਲ ਸਿੰਘ, ਭਾਰਤ ਦੀ ਸਰਕਾਰ ਕੋਲੋਂ ਬਹਾਦਰੀ ਦਾ ਅਵਾਰਡ ਉਡੀਕਦਾ-ਉਡੀਕਦਾ 2020 ਨੂੰ ਉਸ ਜਹਾਨ ਵਲ ਕੂਚ ਕਰ ਗਿਆ,ਜਿਥੋਂ ਕੋਈ ਕਦੇ ਮੁੜਕੇ ਨਹੀ ਆਇਆ।

ਬੀਬੀ ਦਰਸ਼ਨ ਕੌਰ ਦਾ ਪਤੀ ਸਰਦਾਰ ਇਕਬਾਲ ਸਿੰਘ ਭਾਰਤੀ ਫੌਜ ਵਿੱਚ ਕਰਨਲ ਸੀ। ਬੀਬੀ ਦਰਸ਼ਨ ਕੌਰ ਦਾ ਵਿਆਹ 1964 ਵਿੱਚ ਇਕਬਾਲ ਸਿੰਘ ਨਾਲ ਹੋਇਆ ਸੀ। ਕਰਨਲ ਸਹਿਬ ਦੀ 1976 ਵਿੱਚ ਪੋਸਟ ਆਸਟ੍ਰੇਲੀਆ ਦੀ ਇੰਡੀਆ ਅੰਬੈਸੀ ਵਿੱਚ ਹੋ ਗਈ ਸੀ। ਉਸ ਦਾ ਕੰਮ ਦੋ ਦੇਸ਼ਾਂ ਦੇ ਸਬੰਧਾਂ ਨੂੰ ਸੁਖਾਵਾਂ ਅਤੇ ਮਜ਼ਬੂਤ ਕਰਨਾ ਸੀ। ਉਹਨੀ ਦਿਨੀ ਆਸਟ੍ਰੇਲੀਆ ਦੇ ਦਹਿਸ਼ਤਗਰਦਾਂ ਵਲੋਂ ਭਾਰਤੀਆਂ ਖਿਲਾਫ਼ ਨਫ਼ਰਤ ਪੈਦਾ ਕਰਨ ਲਈ ਖਰਾਬ ਮਹੌਲ ਬਣਾਇਆ ਗਿਆ ਸੀ। ਜਿਸ ਅੰਬੈਸੀ ਵਿੱਚ ਕਰਨਲ ਇਕਬਾਲ ਸਿੰਘ ਦੀ ਪੋਸਟ ਸੀ। ਉਥੇ ਹੀ ਪਹਿਲਾ ਮਿਲੀਟੈਂਟਾਂ ਵਲੋਂ ਦਹਿਸ਼ਤ ਫੈਲਾਉਣ ਲਈ ਅਗਸਤ 1977 ਵਿੱਚ ਰਾਤ ਦੇ ਇਕ ਵਜੇ ਬੰਬ ਸੁੱਟਿਆ ਗਿਆ ਸੀ। ਇਕਬਾਲ ਸਿੰਘ ਆਪਣੇ ਘਰ ਹੋਣ ਕਰਕੇ ਇਸ ਹਮਲੇ ਵਿੱਚੋਂ ਬਚ ਗਏ ਸੀ।

ਫੇਰ ਪੰਦਰਾ ਸਤੰਬਰ 1977 ਦੀ ਰਾਤ ਨੂੰ ਕਰਨਲ ਇਕਬਾਲ ਸਿੰਘ ਆਪਣੇ ਪ੍ਰੀਵਾਰ ਸਮੇਤ ਆਪਣੇ ਘਰ ਸੁੱਤੇ ਸਨ। ਉਸ ਦੇ ਸੱਤ-ਅੱਠ ਸਾਲ ਦੇ ਦੋ ਬੱਚੇ ਪਿਛਲੇ ਕਮਰੇ ਵਿੱਚ ਅਲੱਗ ਸੁੱਤੇ ਹੋਏ ਸਨ। ਰਾਤ ਦੇ ਬਾਰਾ-ਇਕ ਵਜੇ ਉਹਨਾਂ ਦੇ ਘਰ ਇਕ ਦਹਿਸ਼ਤਗਰਦ ਕਰਦ(ਛੁਰੀ) ਅਤੇ ਗੰਨ ਲੈ ਕੇ ਰਸੋਈ ਵਿੱਚ ਦੀ ਵੜ ਗਿਆ ਸੀ। ਉਸ ਜਾਦਿਆ ਸਾਰ ਕਰਨਲ ਇਕਬਾਲ ਸਿੰਘ ਤੇ ਛੁਰੀ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਸੀ।ਕਰਨਲ ਸਹਿਬ ਆਪਣੇ ਬੱਚਿਆਂ ਨੂੰ ਬਚਾਉਣ ਦੇ ਮਕਸਦ ਨਾਲ, ਉਸ ਦੇ ਹਮਲੇ ਨੂੰ ਰੋਕਦੇ ਅਤੇ ਉਸ ਨਾਲ ਹੱਥੋਂ-ਪਾਈ ਹੁੰਦੇ ਹੋਏ ਘਰ ਤੋ ਬਾਹਰ ਆ ਗਏ ਸਨ। ਨਾਲ ਹੀ ਉਸ ਦੀ ਘਰ ਵਾਲੀ ਬੀਬੀ ਦਰਸ਼ਨ ਕੌਰ ਬਾਹਰ ਆ ਗਈ ਸੀ।

ਉਸ ਦਹਿਸ਼ਤਗਰਦ ਨੇ ਪਤੀ-ਪਤਨੀ ਨੂੰ ਕਿਡਨੈਪ ਕਰਨ ਦੇ ਇਰਾਦੇ ਨਾਲ,ਗੰਨ ਦੀ ਨਾਲੀ ਕਰਨਲ ਦੇ ਕੰਨ ਤੇ ਰੱਖ ਦਿੱਤੀ ਅਤੇ ਬੋਲਿਆ ਆਪਣੀ ਗੱਡੀ ਵਿੱਚ ਬੈਠੋ। ਇਕਬਾਲ ਸਿੰਘ ਅਤੇ ਬੀਬੀ ਦਰਸ਼ਨ ਕੌਰ ਆਪਣੇ ਬੱਚਿਆਂ ਨੂੰ ਬਚਾਉਣ ਦੇ ਲਈ ਅਤੇ ਉਸ ਨਾਲ ਘਰੋਂ ਬਾਹਰ ਨਜਿੱਠਣ ਲਈ ਉਸ ਦੇ ਕਹਿਣ ਤੇ ਗੱਡੀ ਸਟਾਰਟ ਕਰ ਲਈ ਸੀ। ਗੱਡੀ ਸੜਕ ਤੇ ਭੱਜ ਰਹੀ ਸੀ। ਦਹਿਸ਼ਤਗਰਦ ਨੇ ਪਿਛਲੀ ਸੀਟ ਤੇ ਬੈਠ ਕੇ ਆਪਣੀ ਗੰਨ ਇਕਬਾਲ ਸਿੰਘ ਦੀ ਧੌਣ ਤਾਣੀ ਹੋਈ ਸੀ। ਜਦੋਂ ਇਕਬਾਲ ਸਿੰਘ ਨੇ ਪੁੱਛਿਆ ਆਪਾ ਕਿੱਥੇ ਜਾ ਰਹੇ ਹਾਂ। ਉਸ ਦਹਿਸ਼ਤਗਰਦ ਨੇ ਕਿਹਾ ਗੱਡੀ ਹੋਰ ਤੇਜ ਚਲਾਉ। ਕਰਨਲ ਇਕਬਾਲ ਸਿੰਘ ਉਸ ਨਾਲ ਆਰ-ਪਾਰ ਦੀ ਜੰਗ ਵਿੱਢਣ ਲਈ ਢੁਕਵੀਂ ਜਗ੍ਹਾ ਅਤੇ ਢੁਕਵੇਂ ਮੌਕੇ ਦੀ ਤਲਾਸ਼ ਵਿੱਚ ਸਨ।

ਆਖਿਰ ਕਰਨਲ ਸਹਿਬ ਨੇ ਅੱਖ ਦੇ ਝਮਕੇ ਨਾਲ ਚਲਦੀ ਗੱਡੀ ਦਾ ਸਟੇਰਿੰਗ ਛੱਡ ਕੇ ਉਸ ਕੋਲੋ ਗੰਨ ਖੋਹਣ ਲਈ ਗੰਨ ਫੜ ਲਈ ਅਤੇ ਗੰਨ ਦਾ ਮੂੰਹ ਗੱਡੀ ਦੀ ਛੱਤ ਵਲ ਕਰ ਦਿੱਤਾ ਸੀ। ਦਹਿਸ਼ਤਗਰਦ ਨੇ ਗੰਨ ਦਾ ਘੋੜਾ ਨੱਪ ਦਿੱਤਾ। ਗੰਨ ਦਾ ਫਾਇਰ ਗੱਡੀ ਦੀ ਛੱਤ ਪਾੜ ਕੇ ਅਕਾਸ਼ ਵਿੱਚ ਗੂਜ ਗਿਆ ਸੀ । ਇਕਬਾਲ ਸਿੰਘ ਉਸ ਤੋ ਗੰਨ ਖੋਹਣ ਲਈ ਉਸ ਨਾਲ ਗੁੱਥਮਗੁੱਥਾ ਹੋ ਗਏ ਸਨ। ਦਹਿਸ਼ਤਗਰਦ ਨੇ ਦੂਜੇ ਹੱਥ ਵਿੱਚ ਫੜੀ ਕਿਰਚ ਨਾਲ, ਕਰਨਲ ਸਹਿਬ ਦੀ ਛਾਤੀ ਵਿੱਚ ਕਈ ਵਾਰ ਕਰ ਦਿੱਤੇ ਸਨ। ਹਮਲਾਵਰ ਕਰਨਲ ਸਹਿਬ ਨਾਲ ਉਲਝਿਆ ਹੋਇਆ ਬੀਬੀ ਦਰਸਨ ਕੌਰ ਦੀ ਗੋਦੀ ਵਿੱਚ ਬੈਠ ਗਿਆ ਸੀ। ਦਹਿਸ਼ਤਗਰਦ ਨੇ ਆਪਣੀ ਅਰਕ ਦਰਸ਼ਨ ਕੌਰ ਦੇ ਖੱਬੇ ਕੰਨ ਤੇ ਬਹੁਤ ਜੋਰ ਨਾਲ ਮਾਰ ਦਿੱਤੀ ਸੀ। ਖੱਬੇ ਕੰਨ ਦੀ ਦਰਦ ਬੀਬੀ ਤੋ ਬਰਦਾਸ਼ਤ ਨਹੀਂ ਹੋ ਰਹੀ ਸੀ। ਦੂਜੇ ਪਾਸੇ ਬੀਬੀ

ਦਰਸ਼ਨ ਕੌਰ ਨੂੰ ਉਸ ਦਾ ਬਹੁਤ ਭਾਰ ਮੁਸੀਬਤ ਪੈਂਦਾ ਕਰ ਰਿਹਾ ਸੀ। ਜਦੋਂ ਦਰਸ਼ਨ ਕੌਰ ਨੇ ਆਪਣੀ ਪਤੀ ਨੂੰ ਆਖਿਆ ਮੈ ਕੀ ਕਰਾ? ਕਰਨਲ ਸਹਿਬ ਨੇ ਆਖਿਆ ਪੰਜਾਬ ਦੀ ਜੱਟੀ ਹੈ,"ਜੋ ਵੀ ਹੁੰਦਾ ਹੈ ਕਰ ! ਜੋ ਕਰ ਸਕਦੀ ਹੈ ਉਹੀ ਕਰ! ਹੁਣ ਸੋਚਣ ਤੇ ਪੁੱਛਣ ਦਾ ਟਾਇਮ ਨਹੀਂ ਹੈ।

ਇਕ ਪਾਸੇ ਕਰਨਲ ਇਕਬਾਲ ਸਿੰਘ ਦਾ ਬਹੁਤ ਖ਼ੂਨ ਵਗ ਰਿਹਾ ਸੀ। ਉਹ ਹੌਸਲਾ ਨਾ ਹਾਰਦਾ ਹੋਇਆ ਦਹਿਸ਼ਤਗਰਦ ਨਾਲ ਆਰ-ਪਾਰ ਦੀ ਲੜਾਈ ਵਿੱਚ ਉਲਝਿਆ ਹੋਇਆ ਸੀ। ਯੱਕਦੱਮ ਬੀਬੀ ਦਰਸ਼ਨ ਕੌਰ ਨੇ ਵੀ ਉਸ ਨੂੰ ਵਾਲਾ ਤੋ ਪੂਰੀ ਮਜ਼ਬੂਤੀ ਨਾਲ ਫੜ ਲਿਆ ਸੀ। ਜੋਰ ਅਜ਼ਮਾਈ ਨਾਲ ਉਸ ਦੇ ਲੰਮੇ-ਲੰਮੇ ਵਾਲ ਪੁੱਟ ਰਹੀ ਸੀ। ਮੂੰਹ ਨਾਲ ਉਸ ਦੇ ਹੱਥਾਂ ਤੇ ਪੂਰੇ ਜੋਰ ਨਾਲ ਦੰਦੀਆਂ ਵੱਢ ਰਹੀ ਸੀ। ਦੰਦੀਆਂ ਵੱਢ-ਵੱਢ ਕੇ ਉਸ ਦੇ ਹੱਥਾਂ ਨੂੰ ਜਖਮੀ ਕਰ ਦਿੱਤਾ ਸੀ। ਕਈ ਉਂਗਲਾਂ ਉਸ ਦੀਆਂ ਦੰਦਾਂ ਨਾਲ ਵੱਢ ਦਿੱਤੀਆਂ ਸਨ। ਆਖਿਰ ਦਹਿਸ਼ਤਗਰਦ ਚੀਕਣਾ-ਚਲਾਉਣਾ ਸ਼ੁਰੂ ਕਰ ਦਿੱਤਾ ਸੀ। ਚੀਕਾਂ ਮਾਰ-ਮਾਰ ਕਹਿ ਰਿਹਾ ਸੀ। ਰੱਬ ਦਾ ਵਾਸਤਾ! "ਮੈਨੂੰ ਆਪਣੀ ਪਤਨੀ ਤੋ ਛਡਾਅ,"ਮੈ ਬਾਹਰ ਭੱਜ ਜਾਂਦਾ ਹਾਂ। ਮੈ ਤੁਹਾਨੂੰ ਕੁਝ ਨਹੀਂ ਕਹਿੰਦਾ,ਚੀਕਾਂ ਮਾਰਦਾ ਵਾਸਤੇ ਪਾ ਰਿਹਾ ਸੀ । ਜਖਮੀ ਕਰਨਲ ਸਹਿਬ ਨੇ ਕਿਹਾ ਪਹਿਲਾ ਗੰਨ ਤੇ ਚਾਕੂ ਮੇਰੇ ਹਵਾਲੇ ਕਰ।ਫੇਰ ਤੈਨੂੰ ਛੱਡ ਦਿੰਦੇ ਹਾਂ। ਉਸ ਨੇ ਗੰਨ ਤੇ ਚਾਕੂ ਕਰਨਲ ਸਹਿਬ ਨੂੰ ਦੇ ਦਿੱਤਾ। ਪਤੀ ਦੇ ਕਹਿਣ ਤੇ ਬੀਬੀ ਦਰਸ਼ਨ ਕੌਰ ਨੇ ਉਸ ਦੇ ਵਾਲ ਛੱਡ ਦਿੱਤੇ।ਉਸ ਨੂੰ ਗੱਡੀ ਵਿੱਚੋ ਥੱਲੇ ਸੁੱਟ ਦਿੱਤਾ। ਉਹ ਉਠ ਕੇ ਤੇਜੀ ਨਾਲ ਹਨੇਰੀ ਰਾਤ ਵਿੱਚ ਪਿੱਛੇ ਵਲ ਭੱਜ ਗਿਆ ਸੀ।

ਗੱਡੀ ਅਤੇ ਦੋਵੇਂ ਪਤੀ ਪਤਨੀ ਖ਼ੂਨ ਨਾਲ ਲੱਥ ਹੋਏ ਪਏ ਸਨ।ਉਤੋਂ ਇਹਨਾਂ ਦੇ ਰਾਤ ਸੌਣ ਵਾਲੇ ਘੱਟ ਕੱਪੜੇ ਪਾਏ ਹੋਏ ਸਨ। ਰਹਿੰਦੀ ਕਸਰ ਕਹਿਰ ਦੀ ਠੰਡ ਨੇ ਕੱਢ ਦਿੱਤੀ ਸੀ। ਇਹਨਾਂ ਦੋਵੇਂ ਜੀਆਂ ਨੇ ਆਪਣੇ-ਆਪ ਨੂੰ ਸੰਭਾਲਿਆ ਅਤੇ ਹੌਸਲਾ ਨਾ ਛੱਡਿਆ। ਹਿੰਮਤ ਨਾਲ ਗੱਡੀ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਗੱਡੀ ਸਟਾਰਟ ਨਾ ਹੋਈ। ਸਾਹਮਣੇ ਅੱਧੇ ਕਿਲੋਮੀਟਰ ਦੀ ਦੂਰੀ ਤੇ ਇਕ ਟਰੱਕ ਸੜਕ ਤੇ ਖੜ੍ਹਾ ਸੀ।ਉਸ ਦੀਆਂ ਲਾਈਟਾਂ ਜਗ ਰਹੀਆਂ ਸਨ। ਪਤੀ-ਪਤਨੀ ਨੇ ਝੱਟ-ਪੱਟ ਫੈਸਲਾ ਲਿਆ, ਸਾਨੂੰ ਉਸ ਟਰੱਕ ਤੱਕ ਪਹੁੰਚ ਕੇ ਉਸ ਤੋ ਮਦਦ ਲੈਣੀ ਚਾਹੀਦੀ ਹੈ। ਇਹ ਸੋਚ ਕੇ

ਤੁਰ ਕੇ ਉਸ ਕੋਲ ਪਹੁੰਚੇ। ਖ਼ੂਨ ਨਾਲ ਲੱਥ-ਪੱਥ ਅਤੇ ਹੱਥ ਵਿੱਚ ਗੰਨ ਵੇਖ ਕੇ ਪਹਿਲਾ ਟਰੱਕ ਵਾਲੇ ਡਰਦਿਆ ਆਪਣੀ ਗੱਡੀ ਦੀ ਬਾਰੀ ਮਾਰ ਲਈ ਸੀ। ਪਰ ਇਹਨਾਂ ਨੇ ਜਦੋਂ ਆਪਣੇ ਬਾਰੇ ਅਤੇ ਦਹਿਸ਼ਤਗਰਦ ਵਲੋਂ ਖ਼ੂਨੀ ਹਮਲੇ ਸਾਰੀ ਜਾਣਕਾਰੀ ਦੱਸੀ।

ਫੇਰ ਟਰੱਕ ਵਾਲੇ ਨੇ ਪੁਲੀਸ ਨੂੰ ਫ਼ੂਨ ਕਰ ਦਿੱਤਾ ਸੀ। ਜਲਦੀ ਪੁਲੀਸ ਅਤੇ ਐਬੂਲੈਂਸ ਗੱਡੀ ਇਹਨਾਂ ਕੋਲ ਪਹੁੰਚ ਗਈ ਸੀ। ਪੁਲੀਸ ਨੇ ਇਹਨਾਂ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਸੀ। ਅਗਲੇ ਦਿਨ ਆਸਟ੍ਰੇਲੀਆ ਦੇ ਸਾਰੇ ਮੀਡੀਏ ਵਿੱਚ ਅਤੇ ਟੀ,ਵੀ ਚੈਨਲਾਂ ਤੇ ਇਹ ਦੁਰਘਟਨਾ ਜੰਗਲ ਦੀ ਅੱਗ ਵਾਗ ਫੈਲ ਗਈ ਸੀ। ਕਈ ਅਖਬਾਰਾਂ ਨੇ ਕਰਨਲ ਇਕਬਾਲ ਸਿੰਘ ਨੂੰ ਹੀਰੋ ਦਾ ਖਿਤਾਬ ਦੇ ਕੇ ਸੁਰਖੀਆਂ ਲਾਈਆਂ ਸਨ। ਇਹਨਾਂ ਦੇ ਦੱਸਣ ਤੋ ਬਾਅਦ ਹੈਲੀਕਾਪਟਰ ਜਹਾਜ਼ ਰਾਹੀਂ ਪੁਲੀਸ ਅਫਸਰ ਦਹਿਸ਼ਤਗਰਦ ਨੂੰ ਲੱਭਣ ਲਈ ਪੂਰੀ ਵਾਹ ਲਾ ਰਹੇ ਸਨ । ਆਖਿਰ ਭੱਜਣ ਦੀ ਕੋਸ਼ਿਸ਼ ਕਰਦਾ ਹੋਇਆ ਹਮਲਾਵਰ ਪੁਲੀਸ ਨੇ ਕਾਬੂ ਕਰ ਲਿਆ ਸੀ।

ਕਰਨਲ ਇਕਬਾਲ ਸਿੰਘ ਦੀ ਹਸਪਤਾਲ ਵਿੱਚ ਡਾਕਟਰਾਂ ਨੇ ਸਰਜਰੀ ਕਰਕੇ,ਉਸ ਨੂੰ ਬਚਾਉਣ ਲਈ ਪੂਰੀ ਵਾਹ ਲਾ ਦਿੱਤੀ ਸੀ। ਸਰਜਰੀ ਤੋ ਬਾਅਦ ਕਰਨਲ ਦੀ ਹਾਲਤ ਖਤਰੇ ਤੋ ਬਾਹਰ ਹੋ ਗਈ ਸੀ। ਹਮਲਾਵਰ ਨੂੰ ਫੜ ਕੇ ਕੋਰਟ ਵਿੱਚ ਪੇਸ਼ ਕੀਤਾ ਗਿਆ ਸੀ। ਕੋਰਟ ਵਿੱਚ ਕਰਨਲ ਸਹਿਬ ਨੇ ਵੀਲਚੇਅਰ ਤੇ ਬੈਠ ਕੇ ਉਸ ਦੋਸ਼ੀ ਦੀ ਸਨਾਖਤ ਕੀਤੀ ਸੀ। ਭਾਵੇ ਲੰਮੇ ਟਰਾਇਲਾਂ ਤੋ ਬਾਅਦ ਦਹਿਸ਼ਤਗਰਦ ਨੂੰ ਵੀਹ ਸਾਲ ਦੀ ਸ਼ਜਾ ਹੋ ਗਈ ਸੀ। ਪਰ ਕਰਨਲ ਸਹਿਬ ਇਸ ਖੌਫਨਾਕ ਦਰਦ ਨੂੰ ਭੁੱਲ ਨਾ ਸਕੇ। ਜਿਸ ਕਰਕੇ ਉਹਨਾਂ ਨੇ ਦਸ ਸਾਲ ਪਹਿਲਾ ਹੀ ਆਪਣੀ ਨੌਕਰੀ ਤੋ ਰੀਟਾਇਰਮੈਂਟ ਲੈ ਲਈ ਸੀ।

ਬੀਬੀ ਦਰਸ਼ਨ ਕੌਰ ਦੀਆ ਦੋ ਸਰਜਰੀਆਂ ਕਰਨ ਤੋ ਬਾਅਦ ਵੀ ਖੱਬੇ ਕੰਨ ਦੀ ਅਵਾਜ਼ ਵਾਪਿਸ ਨਾ ਆ ਸਕੀ। ਬੀਬੀ ਦਰਸ਼ਨ ਕੌਰ ਦਾ ਕਹਿਣਾ ਹੈ ਕਿ ਆਸਟ੍ਰੇਲੀਆ ਦੀ ਸਰਕਾਰ ਨੇ ਇਸ ਖੌਫਨਾਕ ਅਤੇ ਖ਼ੂਨੀ ਹਮਲੇ ਲਈ ਆਪਣੀ ਜਿੰਮੇਵਾਰੀ ਸਮਝਦਿਆ ਗਲਤੀ ਅਤੇ ਮੁਆਫ਼ੀ ਵੀ ਮੰਗ ਲਈ ਸੀ। ਉਸ ਸਰਕਾਰ ਨੇ ਸਾਨੂੰ ਬਾਡੀਗਾਰਦ ਤੇ ਹੋਰ ਸਾਰੀਆਂ ਸੁੱਖ ਸਹੂਲਤਾਂ ਦਿੱਤੀਆਂ ਸਨ। ਆਸਟ੍ਰੇਲੀਆ ਦੇ ਮੀਡੀਏ ਨੇ ਕਈ ਦਿਨ ਇਸ ਖੌਫਨਾਕ ਘਟਨਾ ਦੀ ਕਵਰੇਜ਼ ਕੀਤੀ ਸੀ।

ਪਰੰਤੂ ਭਾਰਤ ਸਰਕਾਰ ਨੇ ਸਾਨੂੰ ਅਣਗੌਲਿਆ ਕਰ ਛੱਡਿਆ ਹੈ। ਅਸੀ ਸਰਕਾਰ ਦੇ ਵੱਡੇ-ਵੱਡੇ ਅਫਸਰਾਂ,ਲੀਡਰਾਂ,ਮੰਤਰੀਆਂ ਤੱਕ ਪਹੁੰਚ ਕੀਤੀ ਸੀ। ਜਿਵੇਂ ਉਸ ਵੇਲੇ ਦੇ ਐਮ,ਪੀ ਨਵਜੋਤ ਸਿੱਧੂ,ਮਸ਼ਹੂਰ ਗਾਇਕ ਗੁਰਦਾਸ ਮਾਨ ਨੂੰ ਵੀ ਮਿਲੇ ਸੀ। ਸਾਨੂੰ ਹਰ ਵਾਰ ਭਰੋਸਾ ਦਿਵਾਇਆ ਜਾਂਦਾ ਰਿਹਾ ਸੀ। ਤੁਹਾਨੂੰ ਬਹਾਦਰੀ ਦੇ ਅਵਾਰਡ ਨਾਲ ਰਾਸ਼ਟਰਪਤੀ ਵਲੋਂ ਸਨਮਾਨਿਤ ਕਰਵਾਇਆ ਜਾਵੇਗਾ। ਸਾਨੂੰ ਇਹ ਵੀ ਕਿਹਾ ਗਿਆ ਸੀ ਤੁਹਾਡੀ ਬਹਾਦਰੀ ਤੇ ਮੂਵੀ ਵੀ ਬਣਾਈ ਜਾਵੇਗੀ। ਮੇਰਾ ਪਤੀ ਬਹਾਦਰੀ ਵਾਲੇ ਢੁਕਵੇਂ ਅਵਾਰਡ ਦੀ ਉਡੀਕ ਕਰਦਾ-ਕਰਦਾ ਇਸ ਦੁਨੀਆਂ ਤੋ 2020 ਨੂੰ ਚਲਾ ਗਿਆ ਹੈ। ਸਰਕਾਰਾਂ ਵਲੋਂ ਲਾਰੇ ਲਾਏ ਗਏ ਪਰੰਤੂ ਸਾਨੂੰ ਢੁਕਵਾਂ ਮਾਨ-ਸਨਮਾਨ ਨਹੀਂ ਦਿੱਤਾ ਗਿਆ। ਪਤਾ ਨਹੀਂ ਕਿਹੜੀ ਗੱਲੋ,ਸਾਡੀਆਂ ਫਾਈਲਾਂ ਨੂੰ ਕੂੜ-ਦਾਨ ਵਿੱਚ ਸੁੱਟ ਦਿੱਤਾ ਗਿਆ ਹੈ। ਸਾਡੀ ਜਿੰਦਗੀ ਮੌਤ ਦੀ ਖ਼ੂਨੀ ਗਾਥਾ ਨੂੰ ਇਤਿਹਾਸ ਦੇ ਪੰਨਿਆਂ ਵਿੱਚੋ ਗਾਇਬ ਕਰ ਦਿੱਤਾ ਗਿਆ ਹੈ।

ਬੀਬੀ ਦਰਸ਼ਨ ਕੌਰ ਅੱਸੀ ਸਾਲ ਦੀ ਉਮਰ ਵਿੱਚ ਆਪਣੇ ਦੋਵੇਂ ਬੱਚਿਆਂ ਸਮੇਤ ਅਮਰੀਕਾ ਵਿੱਚ ਰਹਿ ਰਹੀ ਹੈ। ਉਸ ਦਾ ਕਹਿਣਾ ਹੈ ਜੇਕਰ ਮੇਰੇ ਪਤੀ ਤੇ ਇਹ ਕਹਿਰ ਨਾ ਹੁੰਦਾ।ਉਸ ਨੇ ਬ੍ਰਗੇਡੀਅਰ ਦੇ ਆਹੁਦੇ ਤੋ ਰੀਟਾਇਰਮੈਂਟ ਹੋਣਾ ਸੀ। ਉਹ ਹੁਣ ਵੀ ਉਸ ਖ਼ੂਨੀ ਰਾਤ ਵਾਲਾ ਮੰਜ਼ਰ ਤੱਕ ਕੇ ਰੋਣ ਲੱਗ ਪੈਂਦੀ ਹੈ। ਉਸ ਦਾ ਕਹਿਣਾ ਹੈ ਮੇਰੀ ਅਤੇ ਮੇਰੇ ਪਤੀ ਦੀ ਬਹਾਦਰੀ ਨੂੰ ਸਾਹਮਣੇ ਰੱਖਦਿਆ,ਮੇਰੇ ਜਿਉਂਦੇ ਜੀਅ ਮੈਨੂੰ ਬਹਾਦਰੀ ਵਾਲੇ ਅਵਾਰਡ ਨਾਲ ਰਾਸ਼ਟਰਪਤੀ ਵਲੋਂ ਸਨਮਾਨਿਤ ਕਰਵਾਉਣਾ ਸਰਕਾਰ ਦਾ ਮੁੱਢਲਾ ਫਰਜ ਅਤੇ ਜਿੰਮੇਵਾਰੀ ਹੈ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ।, 9530579175

# ਜੇਲ੍ਹ 'ਚੋ ਰਿਹਾ ਹੋਏ ਕਿਸਾਨ ਆਗੂ ਜੱਸਾ ਸਿੰਘ ਕੱਦ ਗਿੱਲ ਦਾ ਜਥੇਬੰਦੀ ਨੇ ਕੀਤਾ ਸਨਮਾਨ



**ਗੁਰਪ੍ਰੀਤ ਸਿੰਘ ਕੱਦ ਗਿੱਲ ,ਤਰਨਤਾਰਨ,2 ਮਾਰਚ ।**

ਪੰਜਾਬ ਸਰਕਾਰ ਸਹਿਕਾਰੀ ਖੰਡ ਮਿੱਲ ਸੇਰੋ ਦੀ ਜਮੀਨ ਨੂੰ ਭਾਅ ਵੇਚਣ ਖਿਲਾਫ ਖੰਡ ਮਿੱਲ ਸ਼ੇਰੋ ਵਿਖੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਤੇ ਮੈਂਬਰਾਂ ਵੱਲੋਂ ਲਗਾਏ ਗਏ ਪੱਕੇ ਮੋਰਚੇ ਤੇ ਬੈਠੇ 17 ਕਿਸਾਨਾਂ ਨੂੰ ਜਬਰੀ ਸਰਕਾਰ ਨੇ ਹਿਰਾਸਤ ਲੈ ਕੇ ਉਪਰੰਤ ਕੇਂਦਰੀ ਜੇਲ ਗੋਇੰਦਵਾਲ ਸਾਹਿਬ ਵਿੱਚ ਬੰਦ ਕਰ ਦਿੱਤਾ ਗਿਆ। ਜ੍ਹਿਨਾਂ ਨੂੰ ਰਿਆਹ ਕਰਵਾਉਣ ਲਈ ਵੱਖ- ਵੱਖ ਜਥੇਬੰਦੀਆਂ ਨੇ ਸਰਕਾਰ ਵਿਰੁੱਧ ਵਿਡੇ ਸੰਘਰਸ਼ ਉਪਰੰਤ ਜੇਲ ਵਿੱਚ ਬੰਦ ਕਿਸਾਨਾਂ ਨੂੰ ਬਿਨਾ ਸਰਤ ਰਿਹਾਅ ਕਰ ਦਿੱਤਾ ਗਿਆ। ਰਿਹਾਅ ਕਰਨ ਉਪਰੰਤ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਨ੍ਹਾਂ ਕਿਸਾਨਾਂ ਦੇ ਕੀਤੇ ਜਾ ਰਹੇ ਸਨਮਾਨ ਦੇ ਸੰਬੰਧ ਵਿੱਚ ਪਿੰਡ ਕੱਦ ਗਿੱਲ ਵਿਖੇ ਪੁੱਜੇ ਕਿਸਾਨ ਕਿਸਾਨ ਆਗੂ ਜੱਸਾ ਸਿੰਘ ਦਾ ਜੇਲ ਚੋਂ ਰਿਹਾਅ ਹੋਣ ਉਪਰੰਤ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋ ਜੱਸਾ ਸਿੰਘ ਕੱਦ ਗਿੱਲ ਦਾ ਉਨ੍ਹਾਂ ਦੇ ਗ੍ਰਿਹ ਵਿਖੇ ਪੁੱਜ ਕੇ ਸਨਮਾਨ ਕੀਤਾ। ਇਸ ਮੌਕੇ ਕਿਸਾਨ ਆਗੂ ਰਤਨ ਸਿੰਘ ਢੰਡ ਦਾ ਵੀ ਵਿਸ਼ੇਸ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਸੀਨੀਅਰੂ ਆਗੂ ਹਰਜੀਤ ਸਿੰਘ ਝੀਤਾ, ਸਖਦੇਵ ਸਿੰਘ ਤੁੱੜ, ਅਵਤਾਰ ਸਿੰਘ ਸਿੰਘ ਚਾਹਲ, ਨਿਰੰਜਨ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਤਾਰਨ ਸ਼ਹਿਰ ਨੇੜੇ ਸੇਰੋਂ ਖੰਡ ਮਿੱਲ ਦੀ ਜਮੀਨ ਕੌਡੀਆਂ ਦੇ ਭਾਅ ਵੇਚ ਰਹੀ ਹੈ। ਜਿਸ ਨੂੰ ਕਿਸੇ ਵੀ ਹਾਲਤ ਵਿੱਚ ਵਿਕਣ ਨਹੀ ਦਿਆਗੇ ਅਤੇ ਕਿਸਾਨ ਜਥੇਬੰਦੀਆਂ ਵਲੋਂ ਮਿਲ ਕੇ ਇਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ । ਉਨ੍ਹਾਂ ਕਿਹਾ ਕੇ ਇਥੇ ਗੰਨਾ ਮਿੱਲ ਇਸ ਕਰਦੇ ਲਗਾਈ ਗਈ ਸੀ ਕਿ ਖੇਤਰ ਵਿੱਚ ਗੰਨੇ ਦੀ ਫਸਲ ਦੀ ਕਾਸਤ ਬਹੁਤ ਹੁੰਦੀ ਹੈ। ਤੇ ਕਿਸਾਨ ਇਥੇ ਹੀ ਆਪਣਾ ਗੰਨਾ ਵੇਚ ਕੇ ਇਥੋਂ ਲਾਭ ਪ੍ਰਾਪਤ ਕਰ ਸਕਣ ਪਰ ਬਹੁਤ ਸਮਾਂ ਪਹਿਲਾਂ ਇਸ ਨੂੰ ਬੰਦ ਕਰਕੇ ਕਿਸਾਨਾਂ ਨੂੰ ਮਿਲਦੀ ਵੱਡੀ ਰਾਤ ਸਰਕਾਰ ਵੱਲੋਂ ਖੋਹ ਲਈ ਗਈ। ਕਿਉਂਕਿ ਇਹ ਮਿਲ ਪਿਛਲੇ ਲੰਬੇ ਸਮੇਂ ਤੋਂ ਬੰਦ ਪਈ ਸੀ ਪਰ ਹੁਣ ਸਮੇਂ ਦੀ ਸਰਕਾਰ ਨੇ ਇਸ ਦੀ ਜਮੀਨ ਨੂੰ ਬਹੁਤ ਹੀ ਸਸਤੇ ਰੇਟਾਂ ਤੇ ਵੇਚ ਕੇ ਕਿਸਾਨਾਂ ਦੇ ਹੱਕ ਖੋਏ ਜਾ ਰਹੇ ਹਨ ਜਿਸ ਕਰਕੇ ਵੱਖ ਵੱਖ ਜਥੇਬੰਦੀਆਂ ਨੂੰ ਇਸ ਮਿਲ ਨੂੰ ਮੁੜ ਚਾਲੂ ਕਰਾਉਣ ਅਤੇ ਇਸਦੀ ਜਮੀਨ ਨੂੰ ਨਾ ਵੇਚਣ ਲਈ ਵੱਡਾ ਸੰਘਰਸ਼ ਵਿਡਣਾ ਪਿਆ। ਪਰਸਾਮੇ ਦੀ ਸਰਕਾਰ ਨੇ ਸ਼ਾਂਤਮਈ ਰੋਸ ਧਰਨੇ ਤੇ ਬੈਠੇ ਕਿਸਾਨਾਂ ਨੂੰ ਜਬਰੀ ਚੁੱਕ ਕੇ ਅਜਿਹੀ ਕਾਰਵਾਈ ਕੀਤੀ ਜਿਸ ਨੂੰ ਕੋਈ ਵੀ ਬਰਦਾਸ਼ਤ ਨਹੀਂ ਕਰ ਰਿਹਾ। ਇਸ ਮੌਕੇ ਅਜੀਤ ਸਿੰਘ ਲਹੀਆਂ, ਸੁਰਜੀਤ ਸਿੰਘ ਚਾਹਲ, ਕਰਮ ਸਿੰਘ ਤੁੱੜ, ਦਿਲਬਾਗ ਸਿੰਘ ਠੱਠ ਗੜ, ਗੜ, ਕਾਰਜ ਸਿੰਘ ਸਰਾ, ਰਣਜੀਤ ਸਿੰਘ ਢੰਡ, ਹਰਪਾਲ ਸਿੰਘ ਠਠਗੜ ,ਮਲਕੀਤ ਸਿੰਘ ਕੱਦ ਗਿੱਲ, ਗੋਰਾ ਕੱਦਗਿੱਲ, ਸਰਪੰਚ ਜਸਵੰਤ ਸਿੰਘ ਜੱਟਾ ਕਦਗਿੱਲ, ਸਵਿੰਦਰ ਸਿੰਘ ਕੱਦ ਗਿੱਲ, ਅੰਮ੍ਰਿਤਪਾਲ ਸਿੰਘ,ਸਵਰਨ ਸਿੰਘ,ਪ੍ਰਦੀਪ ਸਿੰਘ,ਪ੍ਰਭਾ ਸਿੰਘ, ਨਿਸ਼ਾਨ ਸਿੰਘ, ਜੋਰਾ ਸਿੰਘ ਆਦਿ ਹਾਜਰ ਸਨ।

# ਕੋਲਕਾਤਾ ਵਿਚ ਗੁਰਦੁਆਰਾ ਸ੍ਰੀ ਗੁਰੂ ਸਸਿੰਘ ਸਭਾ ਕਾਲੀਘਾਟ ਵਿਖੇ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ



**ਚੋਹਲਾ ਸਾਹਿਬ 2 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਇਹਨੀਂ ਦਿਨੀਂ ਪੱਛਮੀ ਬੰਗਾਲ ਵਿਚ ਗੁਰਮਤਿ ਪ੍ਰਚਾਰ ਫੇਰੀ ਤੇ ਹਨ। ਬਾਬਾ ਜੀ ਨੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਲੀਘਾਟ (ਕੋਲਕਾਤਾ) ਦੀ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਸਵੇਰ ਦੇ ਦੀਵਾਨ ਵਿਚ ਹਾਜ਼ਰ ਭਰੀ, ਜਿੱਥੇ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਵਲੋਂ ਬਾਬਾ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਟੇਜ ਬੋਲਦਿਆਂ ਪ੍ਰਬੰਧਕ ਜਨਾਂ ਵੱਲੋਂ ਆਖਿਆ ਗਿਆ ਕਿ ਸੰਤ ਬਾਬਾ ਸੁੱਖਾ ਸਿੰਘ ਜੀ ਸਰਹਾਲੀ ਸਾਹਿਬ ਵਾਲੇ ਜਿਨ੍ਹਾਂ ਦੀ ਸ਼ਖਸੀਅਤ ਬਾਰੇ ਅਸੀਂ ਸਾਰੇ ਭਲੀ ਭਾਂਤ ਜਾਣਦੇ ਹਾਂ, ਜੋ ਅੱਜ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਸਾਡੇ ਵਿਚਕਾਰ ਬੈਠੇ ਹਨ। ਅਸੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਹਾਰਦਿਕ 'ਜੀ ਆਇਆਂ' ਆਖਦੇ ਹਾਂ। ਪਿਛਲੇ ਸਾਲ ਪੰਜਾਬ ਵਿੱਚ ਜੋ ਹੜ ਆਏ ਉਸ ਦੌਰਾਨ ਬਾਬਾ ਜੀ ਵੱਲੋਂ ਵੱਡੀਆਂ ਸੇਵਾਵਾਂ ਕੀਤੀਆਂ ਗਈਆਂ ਅਤੇ ਹੜ੍ਹ ਪੀੜਤਾਂ ਨੂੰ ਰਾਹਤ ਪਹੁੰਚਾਈ। ਮਾਨਵਤਾ ਦੇ ਭਲੇ ਹਿੱਤ ਆਪ ਜੀ ਵੱਲੋਂ ਨਿਰੰਤਰ ਸੇਵਾਵਾਂ ਚੱਲਦੀਆਂ ਰਹਿੰਦੀਆਂ ਹਨ। ਇਹਨਾਂ ਸਮੂਹ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਬਾਬਾ ਜੀ ਨੂੰ ਸਨਮਾਨ ਚਿੰਨ ਭੇਂਟ ਕਰਦੇ ਹਾਂ।" ਇਸ ਮੌਕੇ ਸੰਗਤ ਵਿਚ ਉੱਘੇ ਪੱਤਰਕਾਰ ਅਤੇ ਬੰਗੋ ਭੂਸ਼ਨ ਅਵਾਰਡੀ ਸ. ਬਚਨ ਸਿੰਘ ਸਰਲ ਗੁਰਬਖ਼ਸ਼ ਸਿੰਘ ਲੋਪੋਂ, ਸੈਕਟਰੀ ਇੰਦਰਜੀਤ ਸਿੰਘ ਸੇਖੋਂ, ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਦੇ ਪ੍ਰਧਾਨ ਸ. ਅਜੈਬ ਸਿੰਘ ਬੋਪਾਰਾਏ, ਸੇਠ ਪ੍ਰਗਟ ਸਿੰਘ ਖਜਾਨਚੀ, ਗੁਰਦੇਵ ਸਿੰਘ, ਕੁਲਵੰਤ ਸਿੰਘ ਖਹਿਰਾ, ਜਗਜੀਤ ਸਿੰਘ ਦਾਖਾ, ਪ੍ਰਗਟ ਸਿੰਘ, ਬਚਿੱਤਰ ਸਿੰਘ ਲਾਲੀ , ਸੇਠ ਪਿਆਰਾ ਸਿੰਘ, ਬਲਕਾਰ ਸਿੰਘ ਅਤੇ ਹੋਰ ਬੇਅੰਤ ਸੰਗਤ ਹਾਜ਼ਰ ਸੀ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

